ਜੇਕਰ ਨਹੀਂ ਸੁਣ ਰਿਹਾ ਸਰਕਾਰੀ ਗੈਰਸਰਕਾਰੀ ਦਫਤਰ ਵਿੱਚ ਤੁਹਾਡੀ ਜਾਂ ਹੋ ਚੁੱਕੇ ਹੋ
ਠੱਗੀ ਦਾ ਸ਼ਿਕਾਰ
ਕਰੋ ਇਕ ਫੋਨ ਸਾਡੇ ਪੱਤਰਕਾਰ ਤੁਹਾਡੀ ਪਰੇਸ਼ਾਨੀ ਪਹੁੰਚਾਉਣਗੇ ਉਚ ਅਧਿਕਾਰੀਆਂ ਤੇ ਪ੍ਰਸ਼ਾਸਨ ਤੱਕ ਟੋਲ ਫਰੀ ਨੰ:-
0181-2211009

ਰੋਜ਼ਾਨਾ
ਸੱਚ ਤੇ ਨਿਡਰ ਆਵਾਜ

# ਲੋਕ ਬਾਣੀ

Email : lokbani08@gmail.com
16 ਫਰਵਰੀ 2023
ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)

ਰੋਜ਼ਾਨਾ 'ਲੋਕ ਬਾਣੀ' ਨਿਊਜ਼ ਨੂੰ
ਪੱਤਰਕਾਰਾਂ ਦੀ ਲੋੜ
ਸੰਪਰਕ ਕਰੋ
99155-94111
ਪਤਾ :- ਸੰਗਮ ਕੰਪਲੈਕਸ, ਨੇੜੇ ਮਿਲਾਪ ਚੌਕ, ਜਲੰਧਰ (ਪੰਜਾਬ)

R.N.I. /Punpun/29016/2008/ • ਸਾਲ : 15 • ਅੰਕ : 49 • ਮੁੱਲ : 5.00 ਰੁਪਏ • ਕੁੱਲ ਪੇਜ : 10 • ਫੈਕਸ: 0181-2211009, 99155-94111

## ਕਈ ਦਿਨ ਬਾਅਦ ਵੀ ਤੁਰਕੀ ਦੀਆਂ ਇਮਾਰਤਾਂ ਵਿਚੋਂ ਜਿੰਦਾ ਨਿਕਲ ਰਹੇ ਲੋਕ

**ਅੰਤਾਕਯਾ/ਲੋਕ ਬਾਣੀ**

ਤੁਰਕੀ 'ਚ ਪਿਛਲੇ ਸੋਮਵਾਰ ਨੂੰ ਆਏ ਵਿਨਾਸ਼ਕਾਰੀ ਭੂਚਾਲ ਨਾਲ ਬੁਰੀ ਤਰਾਂ ਪ੍ਰਭਾਵਿਤ ਤਿੰਨ ਸੂਬਿਆਂ ਵਿਚ ਮਲਬੇ 'ਚ ਦੱਬੇ ਲੋਕਾਂ ਤੱਕ ਪਹੁੰਚਣ ਲਈ ਬਚਾਅ ਕਰਮੀ ਅੱਜ ਵੀ ਕੰਮ ਵਿਚ ਲੱਗੇ ਰਹੇ। ਦੱਖਣੀ-ਪੂਰਬੀ ਤੁਰਕੀ ਅਤੇ ਉੱਤਰੀ ਸੀਰੀਆ 'ਚ 6 ਫਰਵਰੀ ਨੂੰ 9 ਘੰਟੇ ਦੇ ਵਕਫੇ ਮਗਰੋਂ ਆਏ 7.8 ਅਤੇ 7.5 ਤੀਬਰਤਾ ਦੇ ਭੂਚਾਲ ਨਾਲ ਮਰਨ ਵਾਲਿਆਂ ਦੀ ਗਿਣਤੀ 37,000 ਤੋਂ ਜ਼ਿਆਦਾ ਹੋ ਗਈ ਹੈ ਅਤੇ ਖੋਜੀ ਟੀਮਾਂ ਨੂੰ ਹੋਰ ਲਾਸ਼ਾਂ ਮਿਲਣ ਕਾਰਨ ਇਸ ਗਿਣਤੀ ਦਾ ਵਧਣਾ ਤੈਅ ਹੈ।

ਆਦਿਯਾਮਨ ਸੂਬੇ ਵਿਚ ਬਚਾਅ ਕਰਮੀ 18 ਸਾਲਾ ਮੁਹੰਮਦ ਕੈਫਰ ਸੇਟਿਨ ਨਾਮੀ ਵਿਅਕਤੀ ਤੱਕ ਪਹੁੰਚੇ ਅਤੇ ਇਕ ਇਮਾਰਤ 'ਚੋਂ ਖਤਰਨਾਕ ਨਿਕਾਸੀ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਡਾਕਟਰਾਂ ਨੇ ਉਸ ਨੂੰ ਤਰਲ ਪਦਾਰਥ ਦਿੱਤਾ। ਮੈਡੀਕਲ ਮੁਲਾਜ਼ਮਾਂ ਨੇ ਗਰਦਨ ਵਿਚ ਬ੍ਰੇਸ ਲਗਾਉਣ ਲਈ ਉਸ ਨੂੰ ਘੇਰ ਲਿਆ ਅਤੇ ਉਸ ਨੂੰ ਆਕਜੀਸਨ ਮਾਸਕ ਦੇ



ਨਾਲ ਸਟ੍ਰੇਚਰ 'ਤੇ ਲਿਟਾਇਆ ਗਿਆ ਅਤੇ ਇਸ ਤਰਾਂ 199ਵੇਂ ਘੰਟੇ 'ਚ ਉਸ ਨੇ ਦਿਨ ਦੀ ਰੌਸ਼ਨੀ ਦੇਖੀ। ਭੂਚਾਲ ਦੇ ਲਗਭਗ 198 ਘੰਟੇ ਬਾਅਦ ਮੰਗਲਵਾਰ ਨੂੰ ਭੂਚਾਲ ਦੇ ਕੇਂਦਰ ਨੇੜੇ ਕੇਂਦਰੀ ਕਹਮਨਮਾਰਸ ਵਿਚ ਨਸ਼ਟ ਹੋਈ ਇਕ ਇਮਾਰਤ ਤੋਂ 2 ਹੋਰ ਲੋਕਾਂ ਨੂੰ ਬਚਾਇਆ ਗਿਆ। ਇਨਾਂ 'ਚੋਂ ਇਕ 17 ਸਾਲਾ ਮੁਹੰਮਦ ਐਨਸ ਸੀ, ਜਿਸ ਨੂੰ ਇਕ ਥਰਮਲ ਕੰਬਲ ਵਿਚ ਲਪੇਟਿਆ ਗਿਆ ਅਤੇ ਇਸ ਸਟ੍ਰੇਚਰ ਰਾਹੀਂ ਐਂਬੂਲੈਂਸ 'ਚ ਲਿਜਾਇਆ ਗਿਆ।

## ਕਾਬੁਲ ਵਿੱਚ ਹਮਲੇ ਦੌਰਾਨ ਕਈ ਅੱਤਵਾਦੀ ਮਾਰੇ ਗਏ

**ਕਾਬੁਲ/ਲੋਕ ਬਾਣੀ**

ਅਫਗਾਨ ਫੋਰਸਾਂ ਨੇ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਪੁਲਸ ਜ਼ਿਲਾ 8 'ਚ ਅੱਤਵਾਦੀ ਸੰਗਠਨ ਇਸਲਾਮਿਕ ਸਟੇਟ (ਆਈ. ਐੱਸ.) ਦੇ ਇਕ ਟਿਕਾਣੇ 'ਤੇ ਹਮਲਾ ਕੀਤਾ, ਜਿਸ ਵਿੱਚ ਕਈ ਅੱਤਵਾਦੀ ਮਾਰੇ ਗਏ। ਮਰਨ ਵਾਲਿਆਂ 'ਚ ਕਈ ਵਿਦੇਸ਼ੀ ਅੱਤਵਾਦੀ ਵੀ ਸ਼ਾਮਲ ਹਨ, ਹਾਲਾਂਕਿ ਉਨਾਂ ਦੀ ਪਛਾਣ ਦਾ ਖੁਲਾਸਾ ਨਹੀਂ ਕੀਤਾ ਗਿਆ। ਤਾਲਿਬਾਨ ਦੇ ਮੁੱਖ ਬੁਲਾਰੇ ਜਬੀਹੁੱਲਾਹ ਮੁਜਾਹਿਦ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ।



ਉਨਾਂ ਆਪਣੇ ਟਵਿੱਟਰ ਅਕਾਊਂਟ 'ਤੇ ਕਿਹਾ ਕਿ ਮੁਹਿੰਮ ਵਾਲੀ ਥਾਂ ਰਿਹਾਇਸ਼ੀ ਇਲਾਕੇ ਵਿੱਚ ਹੈ, ਇਸ ਲਈ ਸਥਾਨਕ ਲੋਕਾਂ ਦੀ ਸੁਰੱਖਿਆ ਲਈ ਮੁਹਿੰਮ ਹੌਲੀ-ਹੌਲੀ ਅਤੇ ਸਾਵਧਾਨੀ ਨਾਲ ਚਲਾਈ ਗਈ। ਮੁਜਾਹਿਦ ਨੇ ਕਿਹਾ ਕਿ ਆਈ. ਐੱਸ. ਅੱਤਵਾਦੀ ਕਾਬੁਲ ਵਿੱਚ ਹਾਲ ਦੇ ਅੱਤਵਾਦੀ ਹਮਲਿਆਂ 'ਚ ਸ਼ਾਮਲ ਸਨ।

## ਐਨ.ਆਈ.ਏ ਨੇ ਲੰਡਾ 'ਤੇ ਰੱਖਿਆ 15 ਲੱਖ ਦਾ ਇਨਾਮ

**ਜਲੰਧਰ/ਰਾਕੇਸ਼ ਵਰਮਾ**

ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਅੱਜ ਭਗੌੜੇ ਦਹਿਸ਼ਤੀ ਮੁਲਜ਼ਮ ਲਖਬੀਰ ਸਿੰਘ ਸੰਧੂ ਉਰਫ਼ ਲੰਡਾ ਖ਼ਿਲਾਫ਼ 15 ਲੱਖ ਰੁਪਏ ਦੇ ਨਕਦ ਇਨਾਮ ਦਾ ਐਲਾਨ ਕੀਤਾ ਹੈ। ਪੰਜਾਬ ਦੇ ਤਰਨਤਾਰਨ ਜ਼ਿਲੇ ਦੇ ਪਿੰਡ ਹਰੀਕੇ ਦਾ ਵਸਨੀਕ ਲੰਡਾ ਇਸ ਸਮੇਂ ਕੈਨੇਡਾ ਦੇ ਅਲਬਰਟਾ ਸੂਬੇ ਦੇ ਐਡਮਿੰਟਨ ਸ਼ਹਿਰ ਵਿਚ ਰਹਿ ਰਿਹਾ ਹੈ।

## ਕਰਨਾਲ 'ਚ ਕੈਦੀ ਹੋਇਆ ਹਸਪਤਾਲ ਵਿਚੋਂ ਫਰਾਰ

**ਕਰਨਾਲ/ਲੋਕ ਬਾਣੀ**

ਚੋਰੀ ਦੇ ਮਾਮਲੇ ਵਿਚ ਕਰਨਾਲ ਜੇਲ ਵਿਚ ਬੰਦ ਕੈਦੀ ਇਲਾਜ ਦੌਰਾਨ ਕਲਪਨਾ ਚਾਵਲਾ ਮੈਡੀਕਲ ਕਾਲਜ ਤੇ ਹਸਪਤਾਲ ਵਿੱਚੋਂ ਅੱਜ ਸਵੇਰੇ ਤੜਕ ਸਾਰ ਪੁਲਿਸ ਗਾਰਦ ਵਿਚ ਲਗੇ 4 ਪੁਲਿਸ ਮੁਲਾਜਮਾਂ ਦੀਆਂ ਅੱਖਾਂ 'ਚ ਘੱਟਾ ਪਾ ਕੇ ਫ਼ਰਾਰ ਹੋ ਗਿਆ । ਫ਼ਰਾਰ ਕੈਦੀ ਨੇ ਬੀਤੇ ਦਿਨੀ ਜੇਲ ਵਿਚ ਫਾਹਾ ਲਗਾ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ ਕੀਤੀ ਸੀ, ਜਿਸ ਤੋ ਬਾਅਦ ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਜਿਥੋਂ ਉਹ ਫ਼ਰਾਰ ਹੋ ਗਿਆ। ਪੁਲਿਸ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ ।

## ਕਰੋੜਾਂ ਦੀ ਹੈਰੋਇਨ ਮੁੰਬਈ ਹਵਾਈ ਅੱਡੇ ਤੋਂ ਕਾਬੂ



**ਮਹਾਰਾਸ਼ਟਰ/ਲੋਕ ਬਾਣੀ**

ਡੀ.ਆਰ.ਆਈ. ਮੁੰਬਈ ਨੇ ਹਰਾਰੇ ਤੋਂ ਆਈ ਇਕ ਭਾਰਤੀ ਮਹਿਲਾ ਯਾਤਰੀ ਨੂੰ ਰੋਕਿਆ ਅਤੇ ਉਸ ਕੋਲੋਂ 11.94 ਕਿਲੋਗ੍ਰਾਮ ਕ੍ਰੀਮਿਸ਼ ਰੰਗ ਦੇ ਦਾਣੇ ਬਰਾਮਦ ਕੀਤੇ, ਜਿਸ ਵਿਚ ਹੈਰੋਇਨ ਦੀ ਮੌਜੂਦਗੀ ਲਈ ਪਦਾਰਥ ਪਾਜ਼ਟਿਵ ਪਾਇਆ ਗਿਆ। ਜ਼ਬਤ ਕੀਤੇ ਗਏ ਐਨ.ਡੀ.ਪੀ.ਐਸ. ਪਦਾਰਥ ਦੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤ ਲਗਭਗ 84 ਕਰੋੜ ਰੁਪਏ ਹੈ। ਉਨਾਂ ਦੱਸਿਆ ਕਿ ਯਾਤਰੀ ਸਮੇਤ ਹੋਰ 2 ਪ੍ਰਾਪਤਕਰਤਾਵਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ।

## ਬੀਜੇਪੀ ਸਿਆਸੀ ਬਦਲਾਖੋਰੀ ਦੀ ਭਾਵਨਾ ਨਾਲ ਸਰਕਾਰ ਚਲਾ ਰਹੀ : ਮਮਤਾ ਬੈਨਰਜੀ

**ਕੋਲਕਾਤਾ/ਲੋਕ ਬਾਣੀ**



ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੀ.ਬੀ.ਸੀ. ਇੰਡੀਆ 'ਤੇ ਆਮਦਨ ਕਰ ਸਰਵੇਖਣ ਬਾਰੇ ਬੋਲਦਿਆਂ ਕਿਹਾ ਕਿ ਇਹ ਮੰਦਭਾਗਾ ਹੈ। ਭਾਜਪਾ ਸਿਆਸੀ ਬਦਲਾਖ਼ੋਰੀ ਦੀ ਭਾਵਨਾ ਨਾਲ ਸਰਕਾਰ ਚਲਾ ਰਹੀ ਹੈ। ਇਸ ਨਾਲ ਪ੍ਰੈੱਸ ਦੀ ਆਜ਼ਾਦੀ ਪ੍ਰਭਾਵਿਤ ਹੋ ਰਹੀ ਹੈ। ਦੇਸ਼ ਵਿਚ ਕੋਈ ਮੀਡੀਆ ਨਹੀਂ ਬਚੇਗਾ। ਉਨਾਂ ਕਿਹਾ ਕਿ ਮੀਡੀਆ ਪਹਿਲਾਂ ਹੀ ਉਨਾਂ ਦੀ ਪਕੜ ਵਿਚ ਹੈ ਅਤੇ ਆਪਣੀ ਆਵਾਜ਼ ਨਹੀਂ ਚੁੱਕ ਸਕਦਾ।

## ਭਾਰਤੀ ਫੌਜ ਕਰ ਰਹੀ ਹੈ ਸੀਰੀਆ ਵਿੱਚ ਜਾ ਮਦਦ

**ਦਿੱਲੀ/ਕਪੂਰ**

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਭੁਚਾਲ ਰਾਹਤ ਵਿਚ ਮਦਦ ਲਈ ਸੀਰੀਆ ਸਰਕਾਰ ਵਲੋਂ ਸੰਯੁਕਤ ਰਾਸ਼ਟਰ ਨੂੰ ਬੇਨਤੀ ਕੀਤੀ ਗਈ ਸੀ. ਜਿਸ 'ਤੇ ਯੂ.ਐਨ.ਡੀ.ਓ.ਐਫ਼. ਵਿਚ ਤਾਇਨਾਤ ਭਾਰਤੀ ਫ਼ੌਜ ਦੇ ਕਰਮਚਾਰੀਆਂ ਨੂੰ ਸਿੱਧੀ ਸਹਾਇਤਾ ਪ੍ਰਦਾਨ ਕਰਨ ਦੇ ਪ੍ਰਸਤਾਵ 'ਤੇ ਭਾਰਤ ਸਰਕਾਰ ਵਲੋਂ ਸਹਿਮਤੀ



ਦਿੱਤੀ ਗਈ ਸੀ। ਭਾਰਤੀ ਫ਼ੌਜ ਨੇ ਦੱਸਿਆ ਕਿ ਭਾਰਤੀ ਫੌਜ ਦੀ ਟੀਮ ਸੀਰੀਆ ਦੇ ਅਲੇਪੋ ਵਿਚ ਰਾਹਤ ਸਮੱਗਰੀ ਪਹੁੰਚਾ ਰਹੀ ਹੈ।

## ਪੰਜਾਬ ਵਿੱਚ ਹੁਣ ਦਰਜਾ ਚਾਰ ਕਰਮਚਾਰੀ ਚੜ੍ਹੇ ਪਾਣੀ ਵਾਲੀ ਟੈਂਕੀ 'ਤੇ

**ਚੰਡੀਗੜ/ਵਿਨੋਦ ਸ਼ਰਮਾ**

ਸਿੱਖਿਆ ਵਿਭਾਗ ਦੇ ਦਰਜਾ ਚਾਰ ਕਰਮਚਾਰੀ ਐਸੋਸੀਏਸ਼ਨ ਪੰਜਾਬ ਵਲੋਂ ਅਨੰਦਪੁਰ ਸਾਹਿਬ ਦੇ ਨਜ਼ਦੀਕ ਆਪਣੀਆਂ ਮੰਗਾਂ ਨੂੰ ਲੈ ਕੇ ਮਿਢਵਾ/ਬੱਢਲ ਵਾਟਰ ਬਾਕਸ ਪਾਣੀ ਵਾਲੀ ਟੈਂਕੀ 'ਤੇ ਸਵੇਰ ਤੋਂ ਹੀ ਚੜ ਗਏ।ਦਰਜਾ ਚਾਰ ਕਰਮਚਾਰੀ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਵਿਜੈਪਾਲ ਬਿਲਾਸਪੁਰ ਨੇ ਦੱਸਿਆ ਕਿ ਦਸਵੀਂ ਪਾਸ ਦਰਜਾ ਚਾਰ ਕਰਮਚਾਰੀਆਂ ਦਾ ਟਾਇਪ ਟੈਸਟ ਅਤੇ ਐਸ. ਐਲ. ਦੀਆਂ ਪ੍ਰਮੋਸ਼ਨਾਂ ਦਰਜਾ ਚਾਰ ਦੀਆਂ ਅਡਜਸਟਮੈਂਟ ਕਰਨ ਅਤੇ ਰਹਿੰਦੇ ਕਰਮਚਾਰੀਆਂ ਦੀਆਂ ਬਦਲੀਆਂ ਕਰਨ ਲਈ ਕਿਹਾ ਗਿਆ ਹੈ ਪਰ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਹਰ ਵਾਰੀ ਸਾਨੂੰ ਲਾਰੇ ਲਾ ਦਿੰਦੇ ਹਨ।

## ਤਾਮਿਲਨਾਡੂ 'ਚ 4 ਵਿਦਿਆਰਥੀਆਂ ਦੀ ਨਦੀ ਵਿੱਚ ਡੁੱਬਣ ਕਾਰਨ ਹੋਈ ਮੌਤ

**ਚੇਨੱਈ/ਲੋਕ ਬਾਣੀ**

ਕਰੂਰ ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ ਸਰਕਾਰੀ ਮਿਡਲ ਸਕੂਲ ਵਿਰਾਲੀਮਲਾਈ ਪੁਡੂਕੋਟਈ ਜ਼ਿਲੇ ਦੀਆਂ ਚਾਰ ਵਿਦਿਆਰਥਣਾਂ ਦੀ ਸੈਰ-ਸਪਾਟਾ ਯਾਤਰਾ ਦੌਰਾਨ ਮਯਾਨੂਰ ਵਿਚ ਕਾਵੇਰੀ ਨਦੀ ਵਿਚ ਡੁੱਬਣ ਨਾਲ ਮੌਤ ਹੋ ਗਈ ਹੈ।



## ਭਾਰਤੀ ਰੇਲ ਹਾਦਸਾ, 6 ਡੱਬੇ ਉਤਰੇ ਪਟੜੀ ਤੋਂ

**ਹੈਦਰਾਬਾਦ/ਲੋਕ ਬਾਣੀ**

ਵਿਸ਼ਾਖਾਪਟਨਮ-ਸਿਕੰਦਰਾਬਾਦ ਗੋਦਾਵਰੀ ਐਕਸਪ੍ਰੈਸ ਦੇ ਛੇ ਡੱਬੇ ਅੱਜ ਤੇਲੰਗਾਨਾ ਦੇ ਬੀ.ਬੀ.ਨਗਰ ਨੇੜੇ



ਪਟੜੀ ਤੋਂ ਉਤਰ ਗਏ। ਇਸ ਹਾਦਸੇ ਵਿਚ ਕਿਸੇ ਦੇ ਜ਼ਖ਼ਮੀ ਹੋਣ ਜਾਂ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ।

ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਗੁਰਦੁਆਰਾ ਸਾਹਿਬ ਵਿਖੇ ਮਾਘ ਦੇ ਮਹੀਨੇ ਵਿੱਚ ਚੱਲ ਰਹੀ ਪਾਠਾਂ ਦੀ ਲੜੀ ਸਮਾਗਮ ਦੀ ਹੋਈ ਸਮਾਪਤੀ





**ਲੁਧਿਆਣਾ/ਰਾਜੂ ਵਾਲੀਆ,ਸ਼ਮੀ ਕੁਮਾਰ**
ਮਾਘ ਮਹੀਨੇ ਤੋਂ ਲਗਾਤਾਰ ਗੁਰਦੁਆਰਾ ਮਾਤਾ ਗੁਜਰੀ ਸਾਹਿਬ ਜੀ ਪ੍ਰੀਤ ਨਗਰ ਗਲੀ ਨੰਬਰ 8 ਸਿਮਲਾਪੁਰੀ ਵਿਖੇ ਸੁਖਮਨੀ ਸਾਹਿਬ ਸੁਸਾਇਟੀ ਜੱਥੇ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਮਾਘ ਦੇ ਮਹੀਨੇ ਵਿੱਚ ਰੱਖੇ ਗਏ ਪਾਠਾਂ ਦੀ ਲੜੀ ਦੀ ਸਮਾਪਤੀ ਸ਼ਬਦ ਕੀਰਤਨ ਅਤੇ ਗੁਰੂ ਵਿਚਾਰਾਂ ਸਾਂਝੀਆਂ ਕਰਦਿਆਂ ਹੋਇਆ ਕੀਤੀ ਗਈ । ਗੁ: ਸਾਹਿਬ ਦੇ ਹੈਡ ਗ੍ਰੰਥੀ ਭਾਈ ਸਵਰਨ ਸਿੰਘ ਪਾਸੋਂ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ । ਇਸ ਤੋਂ ਬਾਅਦ ਸੁਖਮਨੀ ਸਾਹਿਬ ਬੀਬੀਆਂ ਦੇ ਜਥੇ ਵੱਲੋਂ ਗੁਰਮਤਿ ਵਿਚਾਰਾਂ ਅਤੇ ਕੀਰਤਨ ਜਾਪ ਕਰਦਿਆਂ ਪਾਠਾਂ ਦੇ ਭੋਗ ਪਾਏ ਗਏ । ਅਰਦਾਸ ਉਪਰੰਤ ਗੁਰੂ ਕਾ ਚਾਹ ਪਕੌੜਿਆਂ ਦੀ ਸੇਵਾ ਬੀਬਾ ਮਨਜੀਤ ਕੌਰ ਵੱਲੋਂ ਸਰਧਾ ਭਾਵਨਾ ਨਾਲ ਨਿਭਾਈ ਗਈ ਅਤੇ ਲੰਗਰ ਅਤੁੱਟ ਵਰਤਾਇਆ ਗਿਆ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਬੂਟਾ ਸਿੰਘ ਅਤੇ ਪ੍ਰਬੰਧਕ ਕਮੇਟੀ ਵੱਲੋਂ ਸੁਖਮਨੀ ਸਾਹਿਬ ਦੀਆਂ ਸੇਵਾ ਨਿਭਾਅ ਰਹੀਆਂ ਬੀਬੀਆਂ ਨੂੰ ਸਿਰੋਪਾਓ ਭੇਟ ਕੀਤੇ ਗਏ ਤੇ ਗੁਰੂਘਰ ਵਿਖੇ ਪਹੁੰਚਣ ਤੇ ਸੰਗਤਾਂ ਅਤੇ ਜੱਥਿਆਂ ਦਾ ਧੰਨਵਾਦ ਕੀਤਾ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੇ ਨਿੱਘੇ ਸੱਦੇ ਤੇ ਪਹੁੰਚੇ ਗੁਰਦੁਆਰਾ ਅਰਜਨ ਦੇਵ ਜੀ ਜੱਥਾ, ਗੁਰਦੁਆਰਾ ਬਾਬਾ ਜੋਰਾਵਰ ਸਿੰਘ ਜੀ ਜੱਥਾ, ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ ਜੱਥਾ (ਪ੍ਰੀਤ ਨਗਰ) ਗੁਰਦੁਆਰਾ ਨਾਨਕ ਨਿਵਾਸ ਜੀ ਜੱਥਾ, ਗੁਰਦੁਆਰਾ ਦੁਖ ਭੰਜਨ ਸਾਹਿਬ ਜੀ ਜੱਥਾ (ਚਿਮਨੀ ਰੋਡ), ਗੁਰਦੁਆਰਾ ਚੜ੍ਹਦੀ ਕਲਾ ਸਾਹਿਬ ਜੀ ਜੱਥਾ (ਸਟਾਰ ਰੋਡ) ਅਤੇ ਗੁਰਦੁਆਰਾ ਮਾਈ ਭਾਗੋ ਜੱਥਾ ( ਕੁਵਾਲਟੀ ਰੋਡ) ਨੂੰ ਜੀ ਆਇਆਂ ਆਖਿਆ ਅਤੇ ਜੱਥਿਆਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ । ਸੁਖਮਨੀ ਸਾਹਿਬ ਸੇਵਾ ਸੁਸਾਇਟੀ ਜੱਥਾ ਪ੍ਰਧਾਨ ਮਨਜੀਤ ਕੌਰ ,ਸੁਖਵਿੰਦਰ ਕੌਰ ਸੁੱਖੀ,ਰਜਿੰਦਰ ਕੌਰ, ਰੁਪਿੰਦਰ ਕੌਰ, ਰਣਜੀਤ ਕੌਰ,ਰਜਿੰਦਰ ਕੌਰ,ਅਮਰਜੀਤ ਕੌਰ,ਸੰਦੀਪ ਕੌਰ, ਸੋਨੀਆਂ, ਜਸਬੀਰ ਕੌਰ ਜੱਸੀ,ਕਿਰਨਦੀਪ ਕੌਰ, ਸਰਬਜੀਤ ਕੌਰ, ਨਰਿੰਦਰ ਕੌਰ, ਸ਼ੀਤਲ ਕੌਰ, ਸੁਰਜੀਤ ਕੌਰ, ਸਵਰਨਜੀਤ ਕੌਰ, ਦਲਜੀਤ ਕੌਰ, ਮਾਤਾ ਕੈਲਾਸ਼ ਕੌਰ, ਗੁਰਜੀਤ ਕੌਰ, ਪ੍ਰਦੀਪ ਕੌਰ, ਗੀਤਾ ਪ੍ਰਬੰਧਕ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਰੇਲਵੇ ਵਾਲੇ, ਕਾਰਜ ਸਿੰਘ,ਦੀਦਾਰ ਸਿੰਘ,ਸੁਖਵਿੰਦਰ ਸਿੰਘ ਕਲਸੀ,ਸੁਖਵਿੰਦਰ ਸਿੰਘ ਸੋਨਾ ਇਲਾਵਾ ਇਲਾਕੇ ਦੀਆਂ ਸੰਗਤਾਂ ਨੇ ਹਾਜਰੀ ਭਰ ਅਸ਼ੀਰਵਾਦ ਲਿਆ ।

## ਰਾਜਪਾਲ ਦੀ ਚਿੱਠੀ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਿੱਤਾ ਜਵਾਬ



**ਅੰਮ੍ਰਿਤਸਰ/ਰਵੀ ਸਹਿਗਲ**
ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਮੀਡੀਆ ਦੇ ਜਰੀਏ ਰਾਜਪਾਲ ਦੀ ਚਿੱਠੀ ਮਿਲੀ ਜਿਸ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਚਿੱਠੀ ਵਿੱਚ ਵਿਸ਼ੇ ਲਿਖੇ ਹਨ ਉਹ ਸਟੇਟ ਦੇ ਵਿਸ਼ੇ ਹਨ ਮੈਂ ਅਤੇ ਮੇਰੀ ਸਰਕਾਰ ਸੰਵਿਧਾਨ ਅਨੁਸਾਰ 3ਕਰੋੜ ਪੰਜਾਬੀਆਂ ਨੂੰ ਜਵਾਬਦੇਹ ਹੈ ਨਾ ਕਿ ਕੇਂਦਰ ਸਰਕਾਰ ਦੁਆਰਾ ਨਿਯੁਕਤ ਕਿਸੇ ਰਾਜਪਾਲ ਨੂੰ। ਮਾਨ ਸਾਹਿਬ ਨੇ ਰਾਜਪਾਲ ਨੂੰ ਕਿਹਾ ਕਿ ਇਸ ਨੂੰ ਮੇਰਾ ਜਵਾਬ ਸਮਝਿਆ ਜਾਵੇ। ਮਾਨ ਸਾਹਿਬ ਨੇ ਬਹੁਤ ਹੀ ਘੱਟ ਤੇ ਸਟੀਕ ਸ਼ਬਦਾਂ ਵਿਚ ਰਾਜਪਾਲ ਨੂੰ ਆਪਣਾ ਜਵਾਬ ਦਿੱਤਾ।

## ਵਧੀਕ ਨਿਗਰਾਨ ਇੰਜੀਨਿਅਰ ਮੰਡਲ ਗੁਰਦਾਸਪੁਰ ਨੂੰ ਮੰਗਾਂ ਸਬੰਧੀ ਮਿਲਣ ਉਪਰੰਤ ਜਥੇਬੰਦੀ ਦਾ ਕਲੰਡਰ ਜਾਰੀ ਕੀਤਾ

**ਦੋਰਾਂਗਲਾ/ਰਾਕੇਸ਼ ਜੀਵਨ ਚੱਕ**
ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਕਰਮਚਾਰੀ ਵੈਲਫੇਅਰ ਫੈਡਰੇਸ਼ਨ ਪੰਜਾਬ ਮੰਡਲ ਕਮੇਟੀ ਗੁਰਦਾਸਪੁਰ ਦਾ ਵਫਦ ਮੰਡਲ ਪ੍ਰਧਾਨ ਬਲਵਿੰਦਰਪਾਲ ਬਬਵਾਲਾ ਦੀ ਪ੍ਰਧਾਨਗੀ ਹੇਠ ਵਧੀਕ ਨਿਗਰਾਨ ਇੰਜੀਨਿਅਰ ਮੰਡਲ ਗੁਰਦਾਸਪੁਰ ਇੰਜੀ ਕੁਲਦੀਪ ਸਿੰਘ ਨੂੰ ਮਿਲਿਆ । ਇਸ ਸਮੇਂ ਜਥੇਬੰਦੀ ਵੱਲੋਂ ਸਲਾਨਾ ਕਲੰਡਰ ਮੰਡਲ ਦਫਤਰ ਵਿੱਚ ਲਗਾਇਆ ਗਿਆ । ਮੰਡਲ ਕਮੇਟੀ ਵੱਲੋਂ ਜਥੇਬੰਦੀ ਦੀਆਂ ਮੰਗਾਂ ਪ੍ਰਤੀ ਵਿਚਾਰ ਕੀਤਾ ਗਿਆ । ਇਸ ਸਮੇਂ ਸਰਕਲ ਸਕੱਤਰ ਗਗਨ ਕੁਮਾਰ ਏ ਆਰ ਏ ਉਚੇਚੇ ਤੌਰ ਤੇ ਪਹੁੰਚੇ । ਵਫਦ ਵਿੱਚ ਮੰਡਲ ਸਕੱਤਰ ਹਰਦਿਆਲ ਬਾਬੋਵਾਲ,ਮੀਤ ਪ੍ਰਧਾਨ ਭੁਪਿੰਦਰਜੀਤ ਸਿੰਘ ,ਵਿੱਤ ਸਕੱਤਰ ਸੈਮਸ਼ਨ,ਪ੍ਰੈਸ ਸਕੱਤਰ ਮੋਹਨ ਲਾਲ ,ਇੰਜੀ ਬੂਟਾ ਰਾਮ ਜੇ ਈ,ਸੰਜੀਵ ਅੱਤਰੀ,ਮਨਦੀਪ ਸਿੰਘ ਆਦਿ ਹਾਜ਼ਰ ਸਨ।



## ਨਾਬਾਲਗ ਲੜਕੀ ਤੇ ਹੋਰ ਵਿਅਕਤੀਆਂ ਦੀ ਕੁੱਟਮਾਰ ਕਰਨ ਦੇ ਦੋਸ਼ ਹੇਠ 9 ਖਿਲਾਫ ਮਾਮਲਾ ਦਰਜ

**ਖਾਲੜਾ/ਲੋਕ ਬਾਣੀ**
ਥਾਣਾ ਖਾਲੜਾ ਪੁਲਿਸ ਨੇ ਨਬਾਲਗ ਲੜਕੀ ਅਤੇ ਹੋਰ ਵਿਅਕਤੀਆਂ ਦੀ ਕੁੱਟ ਮਾਰ ਕਰਨ ਦੇ ਦੋਸ਼ ਹੇਠ 9 ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਨ ਦਾ ਸਮਾਚਾਰ ਸਾਹਮਣੇ ਆਇਆ ਹੈ । ਪ੍ਰਾਪਤ ਜਾਣਕਾਰੀ ਮੁਤਾਬਕ ਬੀਤੇ ਦਿਨੀਂ ਪਿੰਡ ਡੱਲ ਦੇ ਵਸਨੀਕ ਕਾਲਾ ਸਿੰਘ ਨੇ ਪੁਲਿਸ ਨੂੰ ਦਰਜ ਕਰਵਾਈ ਲਿਖਤੀ ਸ਼ਿਕਾਇਤ ਵਿਚ ਦੱਸਿਆ ਕਿ ਪਿੰਡ ਦੇ ਵਿਅਕਤੀਆਂ ਵਲੋਂ ਮੇਰੇ ਬੇਟੇ ਕ੍ਰਿਸ਼ਨਪਾਲ ਸਿੰਘ ਦੀ ਪਿੰਡ ਦੇ ਵਿਅਕਤੀਆਂ ਵਲੋਂ ਕੁੱਟ ਮਾਰ ਕੀਤੀ ਜਾ ਰਹੀ ਸੀ ਅਤੇ ਜਦੋਂ ਮੇਰੀ ਨਾਬਾਲਗ ਬੇਟੀ ਨੇ ਛਡਾਉਣ ਦੀ ਕੋਸ਼ਿਸ ਕੀਤੀ ਤਾਂ ਉਸਦੀ ਕੁੱਟਮਾਰ ਕੀਤੀ ਗਈ ਤੇ ਜਿਸ ਕਾਰਨ ਉਸਦੀ ਨਾਬਾਲਗ ਲੜਕੀ ਦੀ ਉਂਗਲੀ ਟੁੱਟ ਗਈ । ਥਾਣਾ ਖਾਲੜਾ ਦੀ ਪੁਲਿਸ ਨੇ ਕਾਰਵਾਈ ਕਰਦਿਆਂ ਛਿੰਦਰ ਸਿੰਘ , ਲਾਲੀ ਸਿੰਘ , ਲਵਪ੍ਰੀਤ ਸਿੰਘ , ਗੁਰਮੀਤ ਸਿੰਘ , ਗਿੰਦਰ ਸਿੰਘ , ਭਿੰਦਾ ਸਿੰਘ , ਲਾਡੀ , ਕਾਕਾ ਸਿੰਘ ਭੋਲਾ ਵਾਸੀ ਡੱਲ ਵਿਰੁੱਧ ਜੁਰਮ 452 , 325 , 323 , 148 , 149 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ।

# ਵਿਚਾਰ ਆਪੋ ਆਪਣਾ : ਸਰਕਾਰੀ ਸਿੱਖਿਆ ਪ੍ਰਣਾਲੀ 'ਚ ਫੇਰਬਦਲ ਕਰਨ ਦੀ ਸਖਤ ਜ਼ਰੂਰਤ

**ਪਿਛਲੇ** ਦਹਾਕਿਆਂ ਤੋਂ ਪੰਜਾਬ 'ਚ ਸਰਕਾਰੀ ਸਿੱਖਿਆ 'ਤੰਤਰ' ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਂਣ 'ਚ ਅਮਸੱਰਥ ਰਿਹਾ ਹੈ।ਵਜ ?ਹਾ ਭਾਵੇਂ ਸਰਕਾਰ ਦਾ ਸਿੱਖਿਆ ਪ੍ਰਤੀ ਅਵੇਸਲਾਪਨ ਹੋਵੇ ਜਾਂ ਫਿਰ ਸਮਝ 'ਚ ਫਰਕ,ਪਰ 21ਵੀਂ ਸਦੀ ਦੇ ਇਸ ਦੌਰ 'ਚ ਬੱਚਿਆਂ 'ਚ ਵੱਧਦੀ ਉਮਰ ਦੇ ਨਾਲ ਨਾਲ ਪੰਜਾਬ ਸਕੂਲ ਸਿੱਖਿਆ ਪ੍ਰਣਾਲੀ 'ਚ ਤਾਇਨਾਤ ਅਮਲਾ ਫੈਲਾ ਬੱਚਿਆਂ ਨੂੰ ਅਜੋਕੇ ਦੌਰ ਦੇ ਮੁਕਾਬਲੇ ਦੀ ਅਕਾਦਮਿਕ ਵਿਦਿਆ ਪ੍ਰਦਾਨ ਕਰਨ ਤੋਂ ਹੱਥ ਤੰਗ ਹੀ ਰਿਹਾ ਹੈ।

ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਵਿਕਸਤ ਲੀਹਾਂ ਤੇ ਲਿਜਾਣ ਦੇ ਮਕਸਦ ਨਾਲ ਮੁੱਖ ਮੰਤਰੀ ਦੀ ਵਜ਼ਾਰਤ 'ਚ ਸਿੱਖਿਆ ਮੰਤਰੀ ਦਾ ਵਕਾਰੀ 'ਆਹੁਦਾ' ਅਤੇ ਇਸ ਆਹੁਦੇ ਹੇਠਾਂ ਨੌਕਰੀ ਕਰਦੇ ਲੱਖਾਂ ਸੀਨੀਅਰ ਅਤੇ ਜੂਨੀਅਰ ਅਧਿਕਾਰੀ /ਅਫਸਰ ਅਤੇ ਕ੍ਰਮਚਾਰੀ 5 ਸਾਲ ਇਸ ਗੱਲ ਵੱਲ ਹੀ ਤਵੱਜੋਂ ਰੱਖਦੇ ਆਏ ਹਨ ਕਿ ਮੰਤਰੀ ਦੇ ਨੇੜਲੂਆਂ ਨਾਲ ਸਬੰਧ ਵਧਾਅ ਕੇ ਮਨਮਰਜੀ ਦਾ ਸਟੇਸ਼ਨ ਲਿਆ ਜਾਵੇ ਅਤੇ ਛੁੱਟੀਆਂ ਮਨਜੂਰ ਕਰਵਾਈਆ ਜਾਣ।

ਪੰਜਾਬ 'ਚ ਸਿੱਖਿਆ ਮੰਤਰੀ ਪੂਰੇ ਪੰਜ ਸਾਲ ਉਦਘਾਟਨੀ ਪੱਥਰਾਂ ਤੋਂ ਪਰਦੇ ਹਟਾਉਂਦੇ ਹੋਏ ਅਤੇ 'ਰੀਬਨ' ਕੱਟਣ 'ਚ ਮਸਰੂਫ ਰਹਿੰਦੇ ਹੋਏ,ਮਾਸਟਰਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲ ਤਿਰਛੀ ਨਜ਼ਰਾਂ ਗੱਡਣ ਦਾ ਆਨੰਦ ਮਾਨਣ 'ਚ ਲੰਘਾਅ ਦਿੰਦੇ ਹਨ।

ਅਕਸਰ ਹੀ ਦੇਖਿਆ ਗਿਆ ਹੈ ਕਿ ਜਿੰਨ੍ਹਾ ਨਿੱਜੀ ਸਕੂਲਾਂ ਦੀਆਂ ਮਨਮਾਨੀਆਂ ਨੂੰ ਰੋਕਣ ਲਈ ਸਿੱਖਿਆ ਮੰਤਰੀਆਂ ਨੂੰ ਕਲਮ ਦੀ ਤਾਕਤ ਦੀ ਵਰਤੋਂ ਕਰਨੀ ਚਾਹੀਦੀ ਹੈ ਉਹ ਮੰਤਰੀ ਪ੍ਰਾਈਵੇਟ ਸਕੂਲਾਂ ਦੇ ਸਨਮਾਨ ਸਮਾਗਮਾਂ 'ਚ ਸ਼ੀਲਡਾਂ ਤੇ ਲੋਈਆਂ ਇਕੱਠੀਆਂ ਕਰਦੇ ਹੋਏ ਸਕੂਲਾਂ 'ਚ ਮੁੱਖ ਪ੍ਰਹੁਣੇ ਦਾ ਕਿਰਦਾਰ ਨਿਭਾਉਂਦੇ ਨਜ਼ਰੀ ਪੈਂਦੇ ਹਨ।

ਹੁਣ ਤੱਕ ਸਰਕਾਂਰਾਂ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ




ਆਈਸੀਐਸਈ ਅਤੇ ਸੀਬੀਐਸਸੀ ਦੇ ਮੁਕਾਬਲੇ ਸੂਬੇ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ 'ਚ ਫੇਲ੍ਹ ਰਹੀਆ ਹਨ। ਪੰਜਾਬ ਵਿੱਚ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਜਾਲ, ਮਹਿੰਗੇ ਪ੍ਰਿੰਸੀਪਲ/ਹੈਡਮਾਸਟਰ ਅਤੇ ਅਧਿਆਪਕ ਪਰ ਬੱਚਿਆਂ ਨੂੰ ਵਕਤ ਦੇ ਹਾਣੀ ਬਣਾਉਂਣ 'ਚ ਸਿੱਖਿਆ ਵਿਭਾਗ 'ਚ ਤਾਇਨਾਤ ਅਮਲੇ ਦਾ ਰੌਲ ਜ਼ੀਰੋ ਹੈ।

ਹੁਣ ਮੌਜੂਦਾ ਸਰਕਾਰ ਨੇ ਐਮੀਨੇਸ਼ਨ ਸਕੂਲ ਦੇ ਬੈਨਰ ਹੇਠ ਸਰਕਾਰੀ ਸਿੱਖਿਆ ਪ੍ਰਣਾਲੀ 'ਚ ਸੰਭਾਵਿਤ ਤਬਦੀਲੀ ਲਿਆਉਂਣ ਲਈ ਯਤਨ ਕੀਤੇ ਹਨ।ਪਿਛਲੇ ਦਿਨੀਂ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਕੁਝ ਪ੍ਰਿੰਸੀਪਲਾਂ ਨੂੰ ਸਿੰਗਾਂਪੁਰ ਉਥੋਂ ਦਾ ਐਜੂਕੇਸ਼ਨ ਮਾਡਲ ਕਾਪੀ ਕਰਨ ਲਈ ਭੇਜਿਆ ਸੀ ਤਾਂ ਕਿ ਉਥੋਂ ਦਾ ਫਾਰਮੂਲਾ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਸਮੂਹਿਕ ਤੌਰ 'ਤੇ ਲਾਗੂ ਕੀਤਾ ਜਾ ਸਕੇ।

ਨਤੀਜੇ ਪਤਾ ਨਹੀ ਕੀ ਨਿਕਲਣਗੇ,ਕਿਓਂ ਕਿ ਸਰਕਾਰੀ ਸਕੂਲ ਦੀ ਈਮਾਰਤ ਨੂੰ ਸੁੰਦਰ ਬਣਾਉਂਣ ਦੇ ਨਾਲ ਸਰਕਾਰੀ ਸਕੂਲ ਸਮਾਰਟ ਸਕੂਲਾਂ ਦੀ ਸ਼ ?ਰੇਣੀ 'ਚ ਨਹੀਂ ਆਉਂਣਗੇ ਜਿੰਨੀ ?ਹ ਦੇਰ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪੈਟਰਨ ਸੀਬੀਐਸਸੀ ਜਾਂ ਆਈਸੀਐਸਸੀ ਦੇ ਮੁਕਾਬਲੇ ਦਾ ਤਿਆਰ ਨਹੀਂ ਕੀਤਾ ਜਾਂਦਾ ਉਨੀ ਦੇਰ ਸੂਬੇ ਦੇ ਬੱਚਿਆਂ ਨੂੰ ਨਿੱਜੀ ਸਕੂਲਾਂ ਦੇ ਵਾਂਗ ਮਿਆਰੀ ਤੇ ਲਾਜ਼ਮੀਂ ਸਿੱਖਿਆ ਨਸੀਬ ਨਹੀਂ ਹੋਣੀ ਜੇ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਨੂੰ ਚਾਹੀਦਾ ਤਾਂ ਇਹ ਸੀ ਕਿ ਸਿੰਗਾਪੁਰ ਸਿੱਖਿਆ ਮੰਤਰੀ ਅਤੇ ਸਿੱਖਿਆ ਵਿਭਾਗ 'ਚ ਤਾਇਨਾਤ ਸੀਨੀਅਰ ਅਧਿਕਾਰੀਆਂ ਨੂੰ ਟ ?ਰੇਨਿੰਗ ਲਈ ਭੇਜਦੇ ਤਾਂ ਕਿ ਅੱਪ ਲਾਈਨ ਸਿੰਗਾਪੁਰ ਤੋਂ ਆਕੇ ਹੇਠਲੇ ਪੱਧਰ



ਦੇ ਲੱਖਾਂ ਸਕੂਲਾਂ ਅਧਿਆਪਕਾਂ ਨੂੰ ਸਿੰਗਾਪੁਰ ਦਾ ਐਜੂਕੇਸ਼ਨ ਫਾਰਮੂਲਾ ਸਮਝਾਉਂਦੇ,ਪਰ ਮਾਸਟਰ ਕੇਡਰ ਤੋਂ ਥੋੜਾ ਉਪਰਲੇ ਮਾਸਟਰ (ਪ੍ਰਿੰਸੀਪਲ) ਸੀਨੀਅਰ ਅਫਸਰਾਂ ਅਤੇ ਸਿੱਖਿਆ ਮੰਤਰੀ ਨੂੰ ਕੀ ਅਕਲ ਦਾਨ ਦੇਣਗੇ ? ਇਹ ਆਪਣੇ ਆਪ 'ਚ ਇੱਕ ਵੱਡਾ ਸਵਾਲ ਹੈ ਜਿਸ ਦਾ ਜਵਾਬ ਸ਼ਾਇਦ ਮੌਜੂਦਾ ਸਰਕਾਰ ਕੋਲ ਵੀ ਨਹੀ ਹੈ।

**-ਸਤਨਾਮ ਸਿੰਘ ਗਿੱਲ**
**ਪ੍ਰਧਾਨ ਘੱਟ ਗਿਣਤੀਆਂ ਲੋਕ ਭਲਾਈ ਸੰਸਥਾ (ਰਜਿ)**

# ਲੰਪੀ ਸਕਿਨ ਬੀਮਾਰੀ ਤੋਂ ਬਚਾਅ ਲਈ ਜ਼ਿਲ੍ਹੇ 'ਚ ਟੀਕਾਕਰਨ ਮੁਹਿੰਮ ਦੀ ਸ਼ੁਰੂਆਤ, ਪਹਿਲੇ ਦਿਨ 3700 ਖੁਰਾਕਾਂ ਲਗਾਈਆਂ

## ਟੀਕਾਕਰਨ ਲਈ ਪਸ਼ੂ ਪਾਲਣ ਵਿਭਾਗ ਵੱਲੋਂ 34 ਟੀਮਾਂ ਦਾ ਗਠਨ










**ਜਲੰਧਰ/ਰਾਕੇਸ਼ ਵਰਮਾ**

ਪਸ਼ੂ ਪਾਲਣ ਵਿਭਾਗ ਵੱਲੋਂ ਲੰਪੀ ਸਕਿਨ ਬੀਮਾਰੀ ਤੋਂ ਬਚਾਅ ਲਈ ਬੁੱਧਵਾਰ ਨੂੰ ਜ਼ਿਲ੍ਹੇ ਵਿੱਚ ਟੀਕਾਕਰਨ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ, ਜਿਸ ਦੇ ਪਹਿਲੇ ਦਿਨ ਗਊਧਨ ਨੂੰ ਵੈਕਸੀਨ ਦੀਆਂ ਕੁੱਲ 3700 ਖੁਰਾਕਾਂ ਲਗਾਈਆਂ ਗਈਆਂ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਹਰਮਨਿੰਦਰ ਸਿੰਘ ਨੇ ਦੱਸਿਆ ਕਿ ਇਹ ਮੁਹਿੰਮ ਲਗਾਤਾਰ ਅੱਠ ਹਫ਼ਤੇ ਚੱਲੇਗੀ, ਜਿਸ ਤਹਿਤ ਜ਼ਿਲ੍ਹੇ ਵਿੱਚ ਗਊਧਨ ਦਾ ਮੁਫ਼ਤ ਟੀਕਾਕਰਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਕੰਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਿਭਾਗ ਵੱਲੋਂ ਪੰਜ ਤਹਿਸੀਲਾਂ ਦੇ ਸੀਨੀਅਰ ਵੈਟਰਨਰੀ ਮੈਡੀਕਲ ਅਫ਼ਸਰਾਂ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਵੈਟਰਨਰੀ ਮਾਹਰਾਂ ਦੀਆਂ 34 ਟੀਮਾਂ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਤਹਿਸੀਲ ਜਲੰਧਰ-1 ਵਿਖੇ 11, ਜਲੰਧਰ-2 ਤੇ ਫਿਲੌਰ ਵਿਖੇ 8-8, ਨਕੋਦਰ ਵਿਖੇ 4 ਅਤੇ ਸ਼ਾਹਕੋਟ ਵਿਖੇ 3 ਟੀਮਾਂ ਗਠਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵੱਲੋਂ ਪਸ਼ੂ ਪਾਲਕਾਂ ਦੇ ਘਰ-ਘਰ ਜਾ ਕੇ ਗਊਧਨ ਨੂੰ ਬਿਲਕੁਲ ਮੁਫ਼ਤ ਵੈਕਸੀਨ ਲਗਾਈ ਜਾ ਰਹੀ ਹੈ। ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 1,50000 ਖੁਰਾਕਾਂ 'ਗੌਟ ਪੌਕਸ' ਵੈਕਸੀਨ ਪ੍ਰਾਪਤ ਹੋਈ ਹੈ ਅਤੇ ਮੁਹਿੰਮ ਦੇ ਪਹਿਲੇ ਦਿਨ ਪਸ਼ੂ ਪਾਲਕਾਂ ਦੇ ਘਰ-ਘਰ ਜਾ ਕੇ ਗਊਧਨ ਦੇ ਵੈਕਸੀਨ ਲਗਾਉਣ ਤੋਂ ਇਲਾਵਾ ਪਿੰਜਰਾਪੋਲ ਗਊਸ਼ਾਲਾ ਟਾਂਡਾ ਰੋਡ, ਸਿਵਲ ਪਸ਼ੂ ਹਸਪਤਾਲ ਰਾਏਪੁਰ ਰਸੂਲਪੁਰ, ਸ਼ ?ਰੀ ਗੋਪਾਲ ਗਊਧਾਮ ਗਊਸ਼ਾਲਾ ਫਿਲੌਰ, ਸਰਕਾਰੀ ਕੈਟਲ ਪੌਂਡ ਕੰਨੀਆਂ ਕਲਾਂ ਸਮੇਤ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ 'ਤੇ ਗਊਧਨ ਦਾ ਟੀਕਾਕਰਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਦੂਜੇ ਸੂਬਿਆਂ ਰਾਹੀਂ ਪੰਜਾਬ ਵਿੱਚ ਫੈਲੀ ਇਸ ਬੀਮਾਰੀ ਕਾਰਨ ਪਸ਼ੂਧਨ ਦੇ ਹੋਏ ਨੁਕਸਾਨ ਦੇ ਮੱਦੇਨਜ਼ਰ ਸੂਬਾ ਸਰਕਾਰ ਵੱਲੋਂ ਅਗਾਊਂ ਰੋਕਥਾਮ ਲਈ ਪੰਜਾਬ ਪੱਧਰ 'ਤੇ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਬੀਮਾਰੀ ਵੈਕਟਰ ਬੋਰਨ ਹੈ ਅਤੇ ਚਿੱਚੜ, ਜੂਆਂ ਦੇ ਕੱਟਣ ਨਾਲ ਫੈਲਦੀ ਹੈ, ਜਿਸ ਕਰਕੇ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਵੈਕਟਰ ਸੀਜ਼ਨ ਤੋਂ ਪਹਿਲਾਂ ਹੀ ਟੀਕਾਕਰਨ ਦਾ ਕੰਮ ਆਰੰਭਿਆ ਗਿਆ ਹੈ। ਪਸ਼ੂ ਪਾਲਕਾਂ ਅਤੇ ਗਊਸ਼ਾਲਾ ਪ੍ਰਬੰਧਕਾਂ ਨੂੰ ਇਸ ਮੁਹਿੰਮ ਵਿੱਚ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਡਿਪਟੀ ਡਾਇਰੈਕਟਰ ਨੇ ਕਿਹਾ ਕਿ ਗਊਧਨ ਨੂੰ ਪਹਿਲ ਦੇ ਆਧਾਰ 'ਤੇ ਇਹ ਵੈਕਸੀਨ ਲਗਵਾਈ ਜਾਵੇ ਤਾਂ ਜੋ ਪਸ਼ੂਧਨ ਨੂੰ ਇਸ ਬੀਮਾਰੀ ਤੋਂ ਸੁਰੱਖਿਅਤ ਰੱਖਿਆ ਜਾ ਸਕੇ।

# ਪੈਦਲ ਸੜਕ ਕਰਾਸ ਕਰ ਰਹੇ ਇਕ ਵਿਅਕਤੀ ਨੂੰ ਤੇਜ ਰਫਤਾਰੀ ਤੇ ਲਾਪਰਵਾਹੀ ਨਾਲ ਕੈਂਟਰ ਨੇ ਮਾਰੀ ਟੱਕਰ




**ਲੁਧਿਆਣਾ/ਰਾਜੂ ਵਾਲੀਆ**

ਥਾਣਾ ਡੇਹਲੋਂ ਦੇ ਅਧੀਨ ਆਉਣ ਦੇ ਖੇਤਰ ਡੇਹਲੋਂ ਚੌਕ ਵਿਖੇ ਇੱਕ ਕੈਂਟਰ ਨੇ ਪੈਦਲ ਕਰਾਸ ਕਰ ਰਹੇ ਸੜਕ ਇਕ ਵਿਅਕਤੀ ਨੂੰ ਤੇਜ ਰਫਤਾਰੀ ਤੇ ਲਾਪਰਵਾਹੀ ਨਾਲ ਟੱਕਰ ਮਾਰ ਦੇਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪਿੰਡ ਰੁੜਕਾ ਦੇ ਰਹਿਣ ਵਾਲੇ ਸਿਕੰਦਰ ਸਿੰਘ ਨੇ ਦੱਸਿਆ ਕਿ 15 ਫਰਵਰੀ ਨੂੰ ਉਹ ਆਪਣੇ ਲੜਕੇ ਬਲਵਿੰਦਰ ਸਿੰਘ ਨਾਲ ਮੋਟਰਸਾਇਕਲ ਨੰਃਪੀ ਬੀ 10 ਈ ਟੀ 0391 ਤੇ ਸਵਾਰ ਹੋ ਕੇ ਘਰੇਲੂ ਸਮਾਨ ਲੈਣ ਲਈ ਡੇਹਲੋਂ ਬਜਾਰ ਵਿੱਚ ਆਇਆ ਸੀ ਤਾਂ ਵਕਤ ਰਾਤ 12 ਵਜੇ ਜਦੋਂ ਉਹ ਪੈਦਲ ਡੇਹਲੋਂ ਚੌਂਕ ਕ੍ਰਾਸ ਕਰਨ ਲੱਗਾ ਤਾਂ ਇੱਕ ਕੈਂਟਰ ਨੰਃਪੀ ਬੀ .10.ਈ ਐਸ 2792 ਦੇ ਉਕਤ ਚਾਲਕ ਨੇ ਤੇਜ ਰਫਤਾਰੀ ਤੇ ਲਾਪਰਵਾਹੀ ਨਾਲ ਕੈਂਟਰ ਉਸਦੀ ਲੱਤ ਉਪੱਰ ਚੜਾ ਦਿੱਤਾ ਜਿਸ ਨਾਲ ਉਸਦੇ ਕਾਫੀ ਸਟਾਂ ਲਗਿਆਂ ਅਤੇ ਉਸਨੂੰ ਡੀ.ਐਮ.ਸੀ ਹਸਪਤਾਲ ਵਿਖੇ ਇਲਾਜ ਕਰਾਇਆ।ਥਾਣਾ ਡੇਹਲੋਂ ਦੀ ਪੁਲਿਸ ਵੱਲੋਂ ਆਰੋਪੀ ਖਿਲਾਫ ਧਾਰਾ 279,337,336 ਆਈ ਪੀ ਸੀ ਦੇ ਤਹਿਤ ਮਾਮਲਾ ਦਰਜ ਕਰ ਲਿਆ

# ਸ਼ਰਾਬ ਡਿਪੂ ਦੀ ਡਿਸਟਰੀਬਿਊਟਰਸ਼ਿਪ ਦੇ ਬਦਲੇ ਬਾਹਰਲੇ ਨਿਵੇਸ਼ਕਾਂ ਤੋਂ 70 ਲੱਖ ਰੁਪਏ ਦੀ ਠੱਗੀ, ਹੋਰ ਰਾਜਾਂ 'ਚ ਵੀ ਇਸ ਤਰ੍ਹਾਂ ਦੀ ਜਾਅਲਸਾਜ਼ੀ





Service Outlet :94920 SANCHI
Account Number :94922011000037/INR SURYAWANSHI TRADERS
Report for the Period :17-08-2022TO16-09-2022

| Date | Tran Id | Ref Num | Particulars | Debit Amt. | Credit Amt. | Balance Amt. Date |
|---|---|---|---|---|---|---|
| | | | Account Opening balance : 27401.58CR | | 27,401.58 | 27,401.58CR |
| | | | Brought Forward : | | | 17,401.58CR |
| 17-08-2022 | BI390413 | | TO CASHRAM JANM RAM | 10,008.00 | | 42,401.58CR |
| 17-08-2022 | S99516208 | | BY CLG-KHANGAON U- | | 25,000.00 | 10,42,401.58CR |
| 25-08-2022 | S26257633 | 0001217295 | RTGS/SBINH22237125989/MAH | | 10,00,000.00 | 10,42,343.76CR |
| 25-08-2022 | S26580928 | 0001217375 | Charges:RTGS/BKIDA2223781 | 57.82 | | 3,42,343.76CR |
| 25-08-2022 | S26580928 | 0001217375 | RTGS/BKIDA22237810973/ KA | 7,00,000.00 | | 2,42,343.76CR |
| 26-08-2022 | BI357744 | | TO CASH RAMJAHMRAM | 1,00,000.00 | | 2,09,843.76CR |
| 26-08-2022 | S38701004 | | JEET KUSHWAHA | 32,500.00 | | 1,94,843.76CR |
| 31-08-2022 | S13522863 | | 2820:CTS INWARD CLG3 | 15,000.00 | | 2,09,843.76CR |
| 31-08-2022 | S13522863 | | RETURNED:2820:CONTACT DRA | | 15,000.00 | 12,09,843.76CR |
| 01-09-2022 | S30648308 | 0001258512 | RTGS/UTIBH22244361806/PRA | | 10,00,000.00 | 2,09,843.76CR |
| 01-09-2022 | S30932521 | 0001258849 | RTGS/BKIDA22244477193/ KA | 10,00,000.00 | | 7,09,843.76CR |
| 02-09-2022 | S49176428 | 0001267374 | RTGS/KKBKH22245976577/KUS | | 5,00,000.00 | 7,09,814.26CR |
| 02-09-2022 | S49730319 | 0001267435 | Charges:RTGS/BKIDA2224546 | 29.50 | | 2,09,814.26CR |
| 02-09-2022 | S49730319 | 0001267435 | RTGS/BKIDA22245461256/ KA | 5,00,000.00 | | 3,09,814.26CR |
| 03-09-2022 | S57630711 | 0001270812 | NEFT/CBIBN22246075117/MAH | | 1,00,000.00 | 3,09,809.76CR |
| 06-09-2022 | S7602866 | 0001287999 | Charges:NEFT/BKIDY2224972 | 4.50 | | 3,09,808.95CR |
| 06-09-2022 | S7602866 | 0001287999 | Charges:NEFT/BKIDY2224972 | 0.81 | | 2,94,808.95CR |
| 06-09-2022 | S7602866 | 0001287999 | NEFT/BKIDY22249723418/ AB | 15,000.00 | | 94,190.95CR |
| 07-09-2022 | BI547196 | | MARGIN MONEY FOR VEHICLE | 2,00,618.00 | | 79,190.95CR |
| 08-09-2022 | S41334896 | | HOUSE LOAN | 15,000.00 | | 66,490.95CR |
| 12-09-2022 | S2768013 | | 2822:CTS INWARD CLG3 | 12,700.00 | 12,700.00 | 79,190.95CR |
| 12-09-2022 | S2768013 | | RETURNED:2822:ITEM LISTED | | | 69,190.95CR |
| 13-09-2022 | BI465121 | | TO CASH RAMJANM | 10,000.00 | | 19,190.95CR |
| 13-09-2022 | BI522711 | | 3011-18 | 50,000.00 | | 9,190.95CR |
| 16-09-2022 | BI220043 | | TO CASH | 10,000.00 | | |
| | | | Total (Curr. INR) : | 26,70,910.63 | 26,80,101.58 | 9,190.95CR |

**ਚੰਡੀਗੜ੍ਹ/ਵਿਨੋਦ ਸ਼ਰਮਾ**

ਮੱਧ ਪ੍ਰਦੇਸ਼ ਦੇ ਸਾਂਚੀ ਸਥਿਤ ਨਿਵੇਸ਼ਕ ਰਾਧਾ ਰਮਨ ਅਹੀਰਵਰ ਅਤੇ ਨਵੀਂ ਦਿੱਲੀ ਸਥਿਤ ਰਜਨੀਸ਼ ਕੁਮਾਰ ਨੇ ਸਥਾਨਕ ਸ਼ਰਾਬ ਬਣਾਉਣ ਵਾਲੀਆਂ ਕੰਪਨੀਆਂ-ਕਾਇਆ ਸਪਿਰਿਟਸ ਅਤੇ ਬਚੂਸ ਐਂਟਰਪ੍ਰਾਈਜ਼ਿਜ਼ 'ਤੇ ਕਰੀਬ 70 ਲੱਖ ਰੁਪਏ ਦੀ ਧੋਖਾਧੜੀ ਕਰਨ ਦਾ ਦੋਸ਼ ਲਗਾਇਆ ਹੈ। ਇਸ ਸਬੰਧੀ ਸ਼ਿਕਾਇਤਕਰਤਾ ਨੇ ਚੰਡੀਗੜ੍ਹ ਸਥਿਤ ਪੰਜਾਬ ਪੁਲਿਸ ਹੈੱਡਕੁਆਰਟਰ ਵਿਖੇ ਡੀਜੀਪੀ ਅਤੇ ਕੇਂਦਰੀ ਆਬਕਾਰੀ ਵਿਭਾਗ ਕੋਲ ਸ਼ਿਕਾਇਤ ਦਰਜ ਕਰਵਾ ਕੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਚੰਡੀਗੜ੍ਹ ਪ੍ਰੈੱਸ ਕਲੱਬ, ਸੈਕਟਰ 27 ਵਿਖੇ ਕੀਤੀ ਪ੍ਰੈਸ ਕਾਨਫਰੰਸ ਦੌਰਾਨ 40 ਸਾਲਾ ਰਾਧਾ ਰਮਨ ਨੇ ਦੱਸਿਆ ਕਿ ਉਹ ਇੱਕ ਰਵਾਇਤੀ ਕਿਸਾਨ ਹੈ ਅਤੇ ਪਿਛਲੇ ਸਾਲ ਕੰਪਨੀ ਦੇ ਸੰਪਰਕ ਵਿੱਚ ਆਇਆ ਸੀ ਅਤੇ ਕਾਯਾ ਸਪਿਰਿਟ ਡਿਸਟ ?ੀਬਿਊਟਰਸ਼ਿਪ ਲੈ ਕੇ ਆਪਣਾ ਕਾਰੋਬਾਰ ਵਧਾਉਣ ਦਾ ਵਿਚਾਰ ਬਣਾਇਆ ਸੀ। ਕੰਪਨੀ ਦੇ ਅਧਿਕਾਰੀਆਂ ਨਾਲ ਨਵੀਂ ਦਿੱਲੀ ਅਤੇ ਪਟਿਆਲਾ ਵਿੱਚ ਕਈ ਦੌਰ ਦੀਆਂ ਮੀਟਿੰਗਾਂ ਹੋਈਆਂ ਅਤੇ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਕਰੁਣ ਕੌੜਾ ਅਤੇ ਉਨ੍ਹਾਂ ਦੇ ਸਹਿਯੋਗੀ ਰੂਪ ਹਾਂਡਾ ਨੇ ਆਖਰਕਾਰ ਕੰਪਨੀ ਦੀ ਡੀਲਰਸ਼ਿਪ ਲੈ ਲਈ। ਇਸ ਦੌਰਾਨ ਰਮਨ ਨੇ ਸਮਝੌਤੇ ਤਹਿਤ ਕੰਪਨੀ ਦੀਆਂ ਬੋਤਲਾਂ (ਸਟਾਕ) ਦੇ ਬਦਲੇ ਕੰਪਨੀ ਦੇ ਬੈਂਕ ਆਫ ਇੰਡੀਆ ਨੂੰ ਐਡਵਾਂਸ ਵਜੋਂ 25 ਲੱਖ ਰੁਪਏ ਅਦਾ ਕੀਤੇ। ਇਸ ਤੋਂ ਬਾਅਦ ਕੰਪਨੀ ਅਧਿਕਾਰੀ ਟੈਕਸ ਸਬੰਧੀ ਦਸਤਾਵੇਜ਼ ਈਮੇਲ ਰਾਹੀਂ ਭੇਜਦੇ ਰਹੇ ਤਾਂ ਜੋ ਸਾਰੀਆਂ ਰਸਮਾਂ ਪੂਰੀਆਂ ਕੀਤੀਆਂ ਜਾ ਸਕਣ। ਇਹ ਫੋਰਮੈਲਿ ?ਟਜ ਕਾਰਵਾਈਆਂ ਪੂਰੀਆਂ ਹੋਣ ਤੋਂ ਬਾਅਦ 45 ਦਿਨਾਂ ਬਾਅਦ ਜਦੋਂ ਰਮਨ ਨੇ ਕੰਪਨੀ ਤੋਂ ਸਟਾਕ ਮੰਗਿਆ ਤਾਂ ਉਸ ਨੂੰ ਇੱਕ ਵਾਰ ਫਿਰ ਮੀਟਿੰਗ ਲਈ ਪਟਿਆਲਾ ਬੁਲਾਇਆ ਗਿਆ। ਮੀਟਿੰਗ ਦੌਰਾਨ ਰਮਨ ਨੂੰ ਪੂਰੇ ਸੂਬੇ ਦੀ ਡੀਲਰਸ਼ਿਪ ਦੇਣ ਦਾ ਲਾਲਚ ਦਿੱਤਾ ਗਿਆ, ਜਿਸ ਤੋਂ ਬਾਅਦ ਰਮਨ ਨੇ ਪੂਰੇ ਮੱਧ ਪ੍ਰਦੇਸ਼ ਦੀ ਡੀਲਰਸ਼ਿਪ ਲੈਣ ਦਾ ਮਨ ਬਣਾ ਲਿਆ ਅਤੇ ਆਰਟੀਜੀਐਸ ਰਾਹੀਂ ਕੁਝ ਕਿਸ਼ਤਾਂ ਦੇ ਕੇ 2 ਸਤੰਬਰ ਤੱਕ ਕੁੱਲ 70 ਲੱਖ ਰੁਪਏ ਅਦਾ ਕਰ ਦਿੱਤੇ। ਇਸ ਤੋਂ ਬਾਅਦ ਵੀ ਰਮਨ ਨੂੰ ਕੰਪਨੀ ਵੱਲੋਂ ਕੀਤੇ ਵਾਅਦੇ ਮੁਤਾਬਕ ਸਟਾਕ ਤੋਂ ਵਾਂਝਾ ਰੱਖਿਆ ਗਿਆ। ਰਮਨ ਦੀਆਂ ਕਈ ਕੋਸ਼ਿਸ਼ਾਂ ਦੇ ਬਾਵਜੂਦ, ਉਸ ਨੂੰ ਸਮਝੌਤੇ ਦੀ ਉਲੰਘਣਾ ਕਰਦਿਆਂ ਮੱਧ ਪ੍ਰਦੇਸ਼ ਵਿੱਚ ਆਪਣੀ ਡੀਲਰਸ਼ਿਪ 'ਤੇ ਅਜੇ ਤੱਕ ਸਟਾਕ ਨਹੀਂ ਮਿਲਿਆ, ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਕੰਪਨੀ ਨੇ ਉਸ ਨਾਲ ਧੋਖਾ ਕੀਤਾ ਹੈ। ਰਮਨ ਨੇ ਕੰਪਨੀ ਦੀ ਤਹਿ ਤੱਕ ਜਾਣ ਲਈ ਕਈ ਕੋਸ਼ਿਸ਼ਾਂ ਕੀਤੀਆਂ ਅਤੇ ਬਾਅਦ ਵਿਚ ਪਤਾ ਲੱਗਾ ਕਿ ਕੰਪਨੀ ਨੇ ਨਾ ਸਿਰਫ ਉਸ ਨਾਲ ਧੋਖਾ ਕੀਤਾ ਹੈ, ਸਗੋਂ ਰਾਜਸਥਾਨ, ਹਰਿਆਣਾ, ਦਿੱਲੀ, ਅਸਾਮ ਆਦਿ ਰਾਜਾਂ ਵਿਚ ਨਿਵੇਸ਼ਕਾਂ ਨਾਲ ਵੀ ਧੋਖਾਧੜੀ ਕੀਤੀ ਹੈ, ਜਿਸ 'ਤੇ ਧਾਰਾ 420 ਤਹਿਤ ਕੇਸ ਦਰਜ ਕੀਤਾ ਗਿਆ ਹੈ। ਕੰਪਨੀ ਪ੍ਰਬੰਧਕਾਂ ਖਿਲਾਫ 406,467, 468, 120ਬੀ ਆਈ. ਇਹ ਸਾਰੇ ਮਾਮਲੇ ਸਾਲ 2022 ਵਿੱਚ ਹੀ ਦਰਜ ਕੀਤੇ ਗਏ ਹਨ। ਰਮਨ ਨੇ ਸਰਕਾਰ ਅਤੇ ਪੁਲਿਸ ਤੋਂ ਮੰਗ ਕੀਤੀ ਹੈ ਕਿ ਕੰਪਨੀ ਦੇ ਕੰਮਕਾਜ ਦੀ ਜਾਂਚ ਕੀਤੀ ਜਾਵੇ ਤਾਂ ਜੋ ਸੂਬੇ ਤੋਂ ਬਾਹਰਲੇ ਨਿਵੇਸ਼ਕਾਂ ਨੂੰ ਠੱਗੇ ਜਾਣ ਤੋਂ ਬਚਾਇਆ ਜਾ ਸਕੇ, ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਕੰਪਨੀ 'ਚ ਫਸਿਆ ਪੈਸਾ ਜਲਦ ਜਾਰੀ ਕੀਤਾ ਜਾਵੇ ਅਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

# ਪੰਜਾਬ ਸਰਕਾਰ ਖਿਲਾਫ਼ ਟੁੱਟੀਆਂ ਸੜਕਾਂ ਨੂੰ ਲੈਕੇ ਭਾਜਪਾ ਦੇ ਆਗੂਆਂ ਵਲੋਂ ਦਿੱਤਾ ਗਿਆ ਧਰਨਾ




**ਲੁਧਿਆਣਾ/ਰਾਜੂ ਵਾਲੀਆ,ਸ਼ੰਮੀ ਕੁਮਾਰ**

ਅੱਜ ਹਲਕਾ ਦੱਖਣੀ ਦੇ ਅਧੀਨ ਆਉਂਦੇ ਲੋਹਾਰਾ ਪੁੱਲ ਨੇੜੇ ਭਾਜਪਾ ਦੇ ਮੰਡਲ ਪ੍ਰਧਾਨ ਬਲਵਿੰਦਰ ਸਿੰਘ (ਬਿੰਦਰ)ਦੀ ਅਗੁਵਾਈ ਹੇਠ ਪੰਜਾਬ ਸਰਕਾਰ ਖ਼ ?ਲਾਫ਼ ਅਤੇ ਨਗਰ ਨਿਗਮ ਖਿਲਾਫ ਧਰਨਾ ਦਿੱਤਾ ਗਿਆ ਧਰਨਾ ਲਗਾਉਣ ਵਾਲਿਆਂ ਨੇ ਪੰਜਾਬ ਸਰਕਾਰ ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਪੰਜਾਬ ਦੇ ਅੰਦਰ ਸਰਕਾਰ ਬਣੀ ਨੂੰ 10 ਮਹੀਨੇ ਹੋ ਗਏ ਅਤੇ ਸਰਕਾਰ ਨੇ ਹਲੇ ਤੱਕ ਕੋਈ ਵੀ ਕੰਮ ਸਰਕਾਰ ਵਲੋ ਨਹੀਂ ਕਰਵਾਇਆ ਗਿਆ ਸੜਕਾਂ ਦਾ ਏਨਾ ਬੁਰਾ ਹਾਲ ਹੋ ਗਿਆ ਕਿ ਆਏ ਦਿਨ ਹੀ ਕੋਈ ਨਾ ਕੋਈ ਹਾਦਸਾ ਹੁੰਦਾ ਹੈ ਇਹ ਇਹਨਾ ਹਾਦਸਿਆਂ ਵਿੱਚ ਕਈ ਵਾਰ ਇਥੋਂ ਦੇ ਰਾਹਗਿਰਾਂ ਨੂੰ ਮੌਤ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ ਓਥੇ ਦੇ ਲੋਕਾ ਦਾ ਕਹਿਣਾ ਸੀ ਕਿ ਪੰਜਾਬ ਅੰਦਰ ਜੁਮਲਿਆਂ ਵਾਲੀ ਸਰਕਾਰ ਬਣ ਗਈ ਹੈ ਅਤੇ ਜਿਸ ਤਰ੍ਹਾਂ ਪਹਿਲਾ ਵੀ ਸਰਕਾਰਾਂ ਨੇ ਸਾਨੂੰ ਲੁੱਟਿਆ ਅਤੇ ਕੁੱਟਿਆ ਇੱਹ ਸਰਕਾਰ ਓਹਨਾ ਨਾਲੋ ਵੀ ਅੱਗੇ ਨਿਕਲ ਗਈ ਹੈ ਪੰਜਾਬ ਅੰਦਰ ਸਰਕਾਰ ਨਾਮ ਦੀ ਕੋਈ ਚੀਜ਼ ਨਹੀਂ ਰਹੀ ਹਰ ਰੋਜ਼ ਗੁੰਡਾ ਗਰਦੀ ਹੁੰਦੀ ਹੈ ਆਏ ਦਿਨ ਹੀ ਚੋਰੀਆਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ ਹਰ ਪਸੋ ਫੇਲ੍ਹ ਸਾਬਤ ਹੋ ਰਹੀ ਹੈ ਇਸ ਮੌਕੇ ਅੰਗਰੇਜ ਸਿੰਘ, ਲਖਵੀਰ ਸਿੰਘ ਮੰਗਾ,ਪਾਲ ਸਿੰਘ, ਅਮਾਨਤ ਗਿੱਲ, ਨਰੇਸ਼ ਸਿਆਲ, ਅਮਨ ਸੈਣੀ,ਰੋਹਿਤ ਕੁਮਾਰ, ਸਿਮਲਾਪੁਰੀ ਮੰਡਲ ਪ੍ਰਧਾਨ ਹਾਜ਼ਿਰ ਸਨ

# ਚੋਰਾਂ ਨੇ ਬਣਾਇਆ ਮਾਨਸਿਕ ਰੋਗ ਅਤੇ ਨਸ਼ਾਂ ਛੁਡਾਊ ਕੇਂਦਰ ਨੂੰ ਨਿਸ਼ਾਨਾ

## ਚੋਰੀ ਦੇ ਸਾਮਾਨ ਦੇ ਨਾਲ-ਨਾਲ ਚੋਰਾਂ ਨੇ ਨਸ਼ਾ ਛੁਡਾਊ ਦਵਾਈਆਂ ਨੂੰ ਵੀ ਨਹੀਂ ਛੱਡਿਆ

**ਲੁਧਿਆਣਾ/ਰਾਜੂ ਵਾਲੀਆ**

ਥਾਣਾ ਸਾਹਨੇਵਾਲ ਦੇ ਅਧੀਨ ਆਉਂਦੇ ਖੇਤਰ ਕੁਹਾੜਾ ਰੋਡ ਵਿਖੇ ਇੱਕ ਸ਼ੌਪ ਕੰਪਲੈਕਸ ਭਗਤ ਨਾਮ ਦੇਵ ਗੁਰਦਵਾਰਾ ਸਹਿਬ ਫਤਿਹ ਮਾਨਸਿਕ ਰੋਗ ਅਤੇ ਨਸ਼ਾਂ ਛੁਡਾਊ ਕੇਂਦਰ ਬਣਾਇਆ ਹੋਇਆ ਹੈ ਜਿਸ ਦੀ ਰੇਖ ਦੇਖ ਡਾ.ਤੇਜਿੰਦਰ ਸਿੰਘ ਮਾਨਸਿਕ ਰੋਗਾਂ ਦੇ ਮਾਹਿਰ ਕਰਦੇ ਹਨ। ਓਨਾ ਕਿਹਾ ਕਿ 11 ਫਰਵਰੀ ਸ਼ਾਮ 6 ਵਜੇ ਉਹ ਕੇਂਦਰ ਬੰਦ ਕਰਕੇ ਸਟਾਫ ਸਮੇਤ ਆਪਣੇ ਘਰ ਨੂੰ ਚਲਾ ਗਿਆ। ਜਦ ਓਹਨਾ ਅਗਲੇ ਦਿਨ ਸਵੇਰੇ 12 ਫਰਵਰੀ ਨੂੰ ਪਤਾ ਲੱਗਾ ਕਿ ਕੁਝ ਅਣਪਛਾਤੇ ਵਿਅਕਤੀਆਂ ਵਲੋਂ ਦੋ ਕੰਪਿਊਟਰ, ਦੋ ਕੈਮਰੇ,ਇੱਕ ਡੀ.ਵੀ.ਆਰ, 2500/- ਰੁਪਏ, ਇੱਕ ਮੋਬਾਇਲ ,ਨਸ਼ਾ ਛੁਡਾਊ ਕੇਂਦਰ ਦੀਆ ਦਵਾਈਆਂ ਚੋਰੀ ਕਰਕੇ ਲੈ ਗਏ ਇਸ ਸਬੰਧੀ ਥਾਣਾ ਸਾਹਨੇਵਾਲ ਦੀ ਪੁਲੀਸ ਨੂੰ ਸੂਚਿਤ ਕੀਤਾ ਗਿਆ ਤਾਂ ਪੁਲਿਸ ਨੇ ਘਟਨਾ ਦਾ ਜਾਇਜ਼ਾ ਲੈ ਅਣਪਛਾਤੇ ਵਿਅਕਤੀਆਂ ਖਿਲਾਫ਼ ਧਾਰਾ 457,380 ਆਈਪੀਸੀ ਤਹਿਤ ਮਾਮਲਾ ਦਰਜ ਕਰ ਲਿਆ ਹੈ

# ਕਲਰਸ ਦੇ ਨਵੇਂ ਫਿਕਸ਼ਨ ਡਰਾਮਾ 'ਜਨੂੰਨੀਅਤ' ਵਿਚ ਦੇਖੋ ਸੰਗੀਤ ਨਾਲ ਸਰਾਬੋਰ ਪਿਆਰ ਦੀ ਕਹਾਣੀ







**ਚੰਡੀਗੜ੍ਹ/ਵਿਨੋਦ ਸ਼ਰਮਾ**

ਕਲਰਸ ਹੁਣ ਆਪਣਾ ਅਗਾਮੀ ਫਿਕਸ਼ਨ ਡਰਾਮਾ 'ਜਨੂੰਨੀਅਤ' ਲਿਆਉਣ ਦੇ ਲਈ ਪੂਰੀ ਤਰ੍ਹਾਂ ਨਾਲ ਤਿਆਰ ਹੈ। ਇਸ 'ਚ ਤਿੰਨ ਅਕਾਂਕਸ਼ੀ ਲੋਕਾਂ ਨੂੰ ਦਿਖਾਇਆ ਗਿਆ ਹੈ ਜਿਨ੍ਹਾਂ ਦੇ ਲਈ ਸੰਗੀਤ ਹੀ ਉਨ੍ਹਾਂ ਦਾ ਟਿਕਾਣਾ ਅਤੇ ਸਭ ਕੁਝ ਹੈ ਅਤੇ ਉਨ੍ਹਾਂ ਨੂੰ ਆਪਣੇ ਪਿਆਰ ਅਤੇ ਮਹੱਤਵਕਾਂਕਸ਼ਾਵਾਂ 'ਚੋਂ ਕਿਸੇ ਇੱਕ ਨੂੰ ਚੁਣਨਾ ਹੈ। ਇਸ ਸ਼ੋਅ 'ਚ ਤਿੰਨ ਲੋਕਾਂ ਦੀਆਂ ਭਾਵਨਾਵਾਂ ਅਤੇ ਜਨੂੰਨ ਦਾ ਰੋਮਾਂਚਕ ਸਫਰ ਹੈ। ਇਹ ਤਿੰਨ ਲੋਕ ਹਨ ਇਲਾਹੀ (ਨੇਹਾ ਰਾਣਾ ਵੱਲੋਂ ਅਦਾਕਾਰੀ), ਜਹਾਨ (ਅੰਕਿਤ ਗੁਪਤਾ ਵੱਲੋਂ ਅਦਾਕਾਰੀ) ਅਤੇ ਜਾਰਡਨ (ਗੌਤਮ ਵਿਜ ਵੱਲੋਂ ਅਦਾਕਾਰੀ)। ਇਲਾਹੀ ਅਤੇ ਜਹਾਨ ਪਿਆਰ ਅਤੇ ਸੰਗੀਤ ਦੀਆਂ ਧੁਨਾਂ ਦੇ ਜਾਦੂ 'ਚ ਡੁੱਬੇ ਹਨ, ਜਦੋਂ ਕਿ ਜਾਰਡਨ ਸੰਗੀਤ ਦੀ ਦੁਨੀਆਂ 'ਤੇ ਛਾ ਜਾਣ ਦੀ ਚਾਹਤ ਰੱਖਦਾ ਹੈ। ਸਰਗੁਣ ਮਹਿਤਾ ਅਤੇ ਰਵੀ ਦੂਬੇ ਦੇ ਡ੍ਰੀਮੀਯਾਟਾ ਇੰਟਰਟੇਨਮੈਂਟ ਵੱਲੋਂ ਨਿਰਮਿਤ ਇਸ ਸ਼ੋਅ ਦਾ ਪ੍ਰੀਮੀਅਮ 13 ਫਰਵਰੀ ਨੂੰ ਹੋਇਆ ਅਤੇ ਇਸਦਾ ਪ੍ਰਸਾਰਣ ਹਰ ਸੋਮਵਾਰ ਤੋਂ ਸ਼ੁੱਕਰਵਾਰ ਰਾਤੀ 8:30 ਵਜੇ ਸਿਰਫ ਕਲਰਸ 'ਤੇ ਕੀਤਾ ਜਾਵੇਗਾ।ਵਾਯਕਾਮ 18 'ਚ ਹਿੰਦੀ ਮਾਸ ਇੰਟਰਟੇਨਮੈਂਟ ਦੀ ਚੀਫ ਕੰਟੈਂਟ ਦਫਤਰ ਮਨੀਸ਼ਾ ਸ਼ਰਮਾ ਨੇ ਕਿਹਾ, 'ਜਨੂੰਨੀਅਤ ਤਿੰਨ ਮਹੱਤਵਕਾਂਕਸ਼ੀ ਗਾਇਕਾਂ ਇਲਾਹੀ, ਜਾਰਡਨ ਅਤੇ ਜਹਾਨ ਦੀ ਇੱਕ ਬਿਹਤਰੀਨ ਕਹਾਣੀ ਹੈ, ਜਿਹੜੇ ਪਿਆਰ ਦੇ ਨਾਲ-ਨਾਲ ਆਪਣੇ ਸੁਪਨਿਆਂ ਦੇ ਵੱਲ ਵਧਦੇ ਹਨ। ਡ੍ਰੀਮੀਯਾਟਾ ਇੰਟਰਟੇਨਮੈਂਟ ਦੇ ਨਾਲ ਆਪਣੀ ਲੰਮੇਂ ਸਮੇਂ ਦੀ ਸਾਂਝੇਦਾਰੀ 'ਚ ਅਸੀਂ ਕੁਝ ਮਸ਼ਹੂਰ ਸ਼ੋਜ ਦਿੱਤੇ ਹਨ, ਜਿਨ੍ਹਾਂ ਨੇ ਦਰਸ਼ਕਾਂ ਦੇ ਦਿਲ ਅਤੇ ਦਿਮਾਗ 'ਤੇ ਛਾਪ ਛੱਡੀ ਹੈ। ਇਸ ਸਫਲਤਾ ਨੂੰ ਜਾਰੀ ਰੱਖਣ ਦੀ ਆਸ 'ਚ ਅਸੀਂ ਪਿਆਰ ਅਤੇ ਸੰਗੀਤ ਦੀ ਕਸ਼ਮਕਸ਼ 'ਜਨੂੰਨੀਅਤ' ਪੇਸ਼ ਕਰਦੇ ਹੋਏ ਬਹੁਤ ਖੁਸ਼ ਹਾਂ। ਅਸੀਂ ਦਰਸ਼ਕਾਂ ਨੂੰ ਪੁਰਾਣੇ ਦਿਨਾਂ ਦੀ ਯਾਦ ਦਵਾਉਣ ਅਤੇ ਪਸੰਦ ਆਉਣ ਲਾਇਕ ਸੰਗੀਤ ਨਾਲ ਸਰਾਬੋਰ ਇੱਕ ਕਹਾਣੀ ਦੇਣ ਦੀ ਆਸ ਕਰਦੇ ਹਾਂ।'ਪ੍ਰੋਡਿਊਸਰ ਸਰਗੁਣ ਮਹਿਤਾ ਨੇ ਕਿਹਾ, 'ਜਨੂੰਨੀਅਤ ਇੱਕ ਰਿਲੇਸ਼ਨਸ਼ਿਪ ਡਰਾਮਾ ਹੈ, ਜਿਸ 'ਚ ਤਿੰਨ ਅਕਾਂਕਸ਼ੀ ਕਲਾਕਾਰਾਂ ਦੀ ਜਿੰਦਗੀ ਦਿਖਾਈ ਗਈ ਹੈ, ਕਿਉਂਕਿ ਸੰਗੀਤ ਨਾਲ ਪਿਆਰ ਕਰਨ ਦੇ ਲਈ ਉਨ੍ਹਾਂ ਦੇ ਆਪਣੇ ਆਪਣੇ ਕਾਰਨ ਹਨ। ਮਹਾਨ ਸੰਗੀਤਕਾਰਾਂ ਦੇ ਘਰ, ਮਤਲਬ ਕਿ ਟ੍ਰਾਈਸਿਟੀ ਚੰਡੀਗੜ੍ਹ ਦੀਆਂ ਖੂਬਸੂਰਤ ਵਾਦੀਆਂ 'ਚ ਫਿਲਮਾਇਆ ਗਿਆ ਇਹ ਸ਼ੋਅ ਆਪਣੇ ਆਪ 'ਚ ਇੱਕ ਅਨੋਖਾ ਪਿਆਰ ਤ੍ਰਿਕੋਣ ਦਿਖਾਉਂਦਾ ਹੈ। ਨਵੇਂ ਜਮਾਨੇ ਦੀ ਇਸ ਦਮਦਾਰ ਕਹਾਣੀ 'ਚ ਦਰਸ਼ਕ ਪਿਆਰ ਤੇ ਡਰਾਮਾ ਦਾ ਪੂਰਾ ਆਨੰਦ ਮਾਣਨਗੇ।' ਗੱਲ ਨੂੰ ਅੱਗੇ ਵਧਾਉਂਦੇ ਹੋਏ, ਰਵੀ ਦੂਬੇ ਨੇ ਕਿਹਾ, 'ਤਿੰਨੋਂ ਕਿਰਦਾਰ ਸੰਗੀਤ ਨਾਲ ਪਿਆਰ ਕਰਦੇ ਹਨ, ਪਰ ਉਨ੍ਹਾਂ ਦੀਆਂ ਸਖਸ਼ੀਅਤਾਂ ਬਹੁਤ ਅਲਗ ਹਨ। ਦਰਸ਼ਕਾਂ ਨੂੰ ਇਹ ਕਿਰਦਾਰ ਪ੍ਰਾਸੰਗਿਕ ਲੱਗਣਗੇ, ਕਿਉਂਕਿ ਉਹ ਪਿਆਰ ਦੇ ਨਾਲ ਨਾਲ ਸੰਗੀਤ ਨੂੰ ਜੀਅ ਰਹੇ ਹਨ। ਇਹ ਕਲਰਸ ਦੇ ਨਾਲ ਸਾਡਾ ਤੀਜਾ ਪ੍ਰੋਜੈਕਟ ਹੈ ਅਤੇ ਇਸਦੇ ਲਈ ਸਾਨੂੰ ਦਰਸ਼ਕਾਂ ਤੋਂ ਬਹੁਤ ਪਿਆਰ ਦੀ ਆਸ ਹੈ।'

# ਭਾਸ਼ਾ ਵਿਭਾਗ ਵੱਲੋਂ ਭਾਸ਼ਾ ਚੇਤਨਾ ਰੈਲੀ ਕੱਢੀ ਗਈ

**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

21 ਫ਼ਰਵਰੀ, 2023 ਅੰਤਰ-ਰਾਸ਼ਟਰੀ ਮਾਤ ਭਾਸ਼ਾ ਦਿਵਸ ਤੋਂ ਪਹਿਲਾਂ ਪਹਿਲਾਂ ਸਾਰੇ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ/ਨਿਗਮਾਂ/ਬੋਰਡਾਂ/ਕਾਰਪੋਰੇਸ਼ਨਾਂ ਅਤੇ ਵਪਾਰਕ ਅਦਾਰਿਆਂ ਦੇ ਬੋਰਡ ਅਤੇ ਨਾਮ ਪੱਟੀਆਂ ਆਦਿ ਪੰਜਾਬੀ ਭਾਸ਼ਾ/ਗੁਰਮੁਖੀ ਲਿਪੀ ਵਿੱਚ ਲਿਖੇ ਜਾਣ ਲਈ ਡਾਇਰੈਕਟਰ, ਭਾਸ਼ਾ ਵਿਭਾਗ , ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਲੁਧਿਆਣਾ ਵੱਲੋਂ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਮਾਡਲ ਟਾਊਨ ਲੁਧਿਆਣਾ ਦੇ ਸਹਿਯੋਗ ਨਾਲ ਮਾਡਲ ਟਾਉਨ ਇਲਾਕੇ ਵਿੱਚ ਰੈਲੀ ਕੱਢੀ ਗਈ।



ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੰਦੀਪ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ 21 ਫ਼ਰਵਰੀ, 2023 ਅੰਤਰ-ਰਾਸ਼ਟਰੀ ਮਾਤ ਭਾਸ਼ਾ ਦਿਵਸ ਤੋਂ ਪਹਿਲਾਂ ਪਹਿਲਾਂ ਸਾਰੇ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ/ਨਿਗਮਾਂ/ਬੋਰਡਾਂ/ਕਾਰਪੋਰੇਸ਼ਨਾਂ ਅਤੇ ਵਪਾਰਕ ਅਦਾਰਿਆਂ ਦੇ ਬੋਰਡ ਅਤੇ ਨਾਮ ਪੱਟੀਆਂ ਆਦਿ ਪੰਜਾਬੀ ਭਾਸ਼ਾ/ਗੁਰਮੁਖੀ ਲਿਪੀ ਵਿੱਚ ਲਿਖੇ ਜਾਣ ਦਾ ਟੀਚਾ ਮਿੱਥਿਆ ਗਿਆ ਹੈ। ਇਸ ਮੌਕੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਸ.ਦਵਿੰਦਰ ਸਿੰਘ ਲੋਟੇ ਵੀ ਉਚੇਰੇ ਤੌਰ ਤੇ ਸ਼ਾਮਿਲ ਹੋਏ।

ਪ੍ਰਿੰਸੀਪਲ ਸ਼੍ਰੀਮਤੀ ਵਿਸ਼ਵਕੀਰਤ ਕਾਹਲੋਂ ਦੁਆਰਾ ਇਸ ਰੈਲੀ ਨੂੰ ਸਾਰਥਕ ਬਣਾਉਣ ਲਈ ਪੂਰਨ ਸਹਿਯੋਗ ਦਿੱਤਾ ਗਿਆ ਜਿਸਦੇ ਤਹਿਤ ਰੈਲੀ ਵਿੱਚ 60 ਦੇ ਲੱਗਭਗ ਵਿਦਿਆਰਥੀ ਅਤੇ ਸਕੂਲ ਸਟਾਫ ਵਿੱਚੋਂ ਸ਼੍ਰੀਮਤੀ ਰੇਖਾ ਬੱਗਾ, ਸ਼੍ਰੀਮਤੀ ਸੁਪਰਜੀਤ ਕੌਰ, ਸ਼੍ਰੀਮਤੀ ਦਮਨਪ੍ਰੀਤ ਕੌਰ, ਸ਼੍ਰੀਮਤੀ ਅਮਨਪ੍ਰੀਤ ਕੌਰ, ਸ਼੍ਰੀਮਤੀ ਨੀਤਿਕਾ ਆਦਿ ਅਧਿਆਪਕ ਸ਼ਾਮਿਲ ਹੋਏ। ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਲੁਧਿਆਣਾ ਦੇ ਸਟਾਫ਼ ਵਿੱਚੋਂ ਸ੍ਰੀ ਸੁਖਦੀਪ ਸਿੰਘ ਅਤੇ ਸ੍ਰੀ ਰਾਜੀਵ ਸ਼ਰਮਾ ਵੀ ਹਾਜ਼ਰ ਰਹੇ।

ਜ਼ਿਲ੍ਹਾ ਅਫ਼ਸਰ ਡਾ. ਸ਼ਰਮਾ ਨੇ ਦੱਸਿਆ ਕਿ ਵਿਦਿਆਰਥੀਆਂ ਦੁਆਰਾ ਮਾਤ ਭਾਸ਼ਾ ਦੇ ਮਹੱਤਵ ਨੂੰ ਦਰਸਾਉਂਦੇ ਬੈਨਰ ਵੀ ਤਿਆਰ ਕੀਤੇ ਗਏ ਅਤੇ ਰੈਲੀ ਦੌਰਾਨ ਮਾਡਲ ਟਾਉਨ ਦੀ ਗੋਲ ਮਾਰਕੀਟ ਦੀਆਂ ਦੁਕਾਨਾਂ ਉੱਤੇ ਜਾ ਕੇ ਦੁਕਾਨ ਮਾਲਕਾਂ ਨੂੰ ਪੰਜਾਬ ਸਰਕਾਰ ਦੀ ਚਿੱਠੀ ਦੀ ਕਾਪੀ ਦੇ ਕੇ ਨਿਰਧਾਰਿਤ ਸਮਾਂ ਸੀਮਾ ਦੇ ਅੰਦਰ-ਅੰਦਰ ਦੁਕਾਨਾਂ ਦੇ ਬੋਰਡਾਂ ਨੂੰ ਪੰਜਾਬੀ ਭਾਸ਼ਾ/ਗੁਰਮੁਖੀ ਲਿੱਪੀ ਵਿੱਚ ਤਬਦੀਲ ਕਰਨ ਲਈ ਪ੍ਰੇਰਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਦੁਕਾਨਦਾਰਾਂ ਨਾਲ ? ਗੱਲ ਕਰਦਿਆਂ ਉਨ੍ਹਾ ਦਾ ਸਕਾਰਾਤਮਕ ਰਵੱਈਆ ਵੇਖਣ ਨੂੰ ਮਿਲਿਆ ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕਾਂ ਦੁਆਰਾ ਇਹ ਕਾਰਜ਼ ਪਹਿਲ ਦੇ ਅਧਾਰ ਉਤੇ ਕਰਵਾ ਲੈਣ ਦਾ ਭਰੋਸਾ ਵੀ ਦਿੱਤਾ ਗਿਆ।

# ਵਿਆਹ ਦਾ ਝਾਂਸਾ ਦੇ ਬਣਾਏ ਨਾਬਾਲਿਗਾ ਨਾਲ ਨਜਾਇਜ ਸਬੰਧ ਮਾਮਲਾ ਦਰਜ, ਦੋਸ਼ੀ ਫਰਾਰ

**ਲੁਧਿਆਣਾ/ਰਾਜੂ ਵਾਲੀਆ**

ਥਾਣਾ ਜਮਾਲਪੁਰ ਦੇ ਅਧੀਨ ਆਉਂਦੇ ਖੇਤਰ ਭਣੀਆਂ ਕਲਾਂ ਵਿਖੇ ਇੱਕ ਨਾਬਾਲਿਗ ਨੂੰ ਵਿਆਹ ਦਾ ਝਾਂਸਾ ਦੇ ਇਕ ਵਿਅਕਤੀ ਵੱਲੋਂ ਸ਼ਰੀਰਿਕ ਸੰਬੰਧ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ ਮੀਨਾਕਸ਼ੀ ਤਨੁ ਵਾਸੀ ਮੁੰਡਿਆਂ ਨੇ ਦੱਸਿਆ ਕਿ ਉਕਤ ਦੋਸ਼ੀ ਸੋਨੂੰ ਜੋ ਉਸਦੇ ਘਰ ਦੇ ਕੋਲ ਹੀ ਇੱਕ ਫੈਕਟਰੀ ਵਿੱਚ ਕੰਮ ਕਰਦਾ ਸੀ ਜਿਸ ਨਾਲ ਉਸਦੀ ਦੋਸਤੀ ਹੋ ਗਈ ਜਿਸਨੇ ਉਸ ਨਾਲ ਕਈ ਵਾਰ ਵਿਆਹ ਕਰਨ ਦਾ ਝਾਂਸਾ ਦੇ ਕੇ ਸਰੀਰਕ ਸਬੰਧ ਬਣਾਏ ਉਸਨੇ ਕਿਹਾ ਕਿ ਉਹ 8 ਫਰਵਰੀ ਨੂੰ ਉਸ ਨਾਲ ਸ਼ਾਦੀ ਕਰ ਲਵੇਗਾ ਪਰ ਉਕਤ ਦੋਸ਼ੀ ਬਾਅਦ ਵਿੱਚ ਫਰਾਰ ਹੋ ਗਿਆ।ਇਸ ਸਬੰਧੀ ਕੀ ਉਸ ਨੇ ਥਾਣਾ ਜਮਾਲਪੁਰ ਦੀ ਪੁਲਸ ਨੂੰ ਸ਼ਿਕਾਇਤ ਕੀਤੀ ਸੂਚਨਾ ਮਿਲਦੇ ਹੀ ਥਾਣਾ ਜਮਾਲਪੁਰ ਦੀ ਏਐਸਆਈ ਮਨਪ੍ਰੀਤ ਕੌਰ ਵੱਲੋਂ ਦੋਸ਼ੀਆਂ ਖਿਲਾਫ ਧਾਰਾ 376 ਆਈ ਪੀ ਸੀ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਫਿਲਹਾਲ ਹਾਲੇ ਦੋਸ਼ੀ ਸੋਨੂੰ ਪੁਲੀਸ ਦੀ ਗ੍ਰਿਫ਼ਤ ਤੋਂ ਬਾਹਰ ਹੈ

# ਮਹਾਰਿਸ਼ੀ ਦਯਾਨੰਦ ਸਰਸਵਤੀ ਦੀ 200ਵੀਂ ਜਯੰਤੀ ’ਤੇ ਕੇਂਦਰੀ ਆਰੀਆ ਸਭਾ ਵੱਲੋਂ ਵਿਸ਼ਾਲ ਸ਼ੋਭਾ ਯਾਤਰਾ ਅਯੋਜਿਤ ਕੀਤੀ






**ਚੰਡੀਗੜ੍ਹ/ਵਿਨੋਦ ਸ਼ਰਮਾ**

ਕੇਂਦਰੀ ਆਰੀਆ ਸਭਾ ਦੀ ਸਰਪ੍ਰਸਤੀ ਹੇਠ ਆਰੀਆ ਸਮਾਜ ਸੈਕਟਰ 7 ਵਿਖੇ ਮਹਾਰਿਸ਼ੀ ਦਯਾਨੰਦ ਸਰਸਵਤੀ ਦੀ 200ਵੀਂ ਜਯੰਤੀ ’ਤੇ ਬੜੀ ਧੂਮਧਾਮ ਨਾਲ ਇਕ ਵਿਸ਼ਾਲ ਸ਼ੋਭਾ ਯਾਤਰਾ ਅਯੋਜਿਤ ਕਿਤੀ, ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਅਨੂਪ ਗੁਪਤਾ ਨੇ ਇਸ ਸ਼ੋਭਾ ਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸ਼ੋਭਾ ਯਾਤਰਾ ਦੀ ਪ੍ਰਧਾਨਗੀ ਸਵਾਮੀ ਸੰਪੂਰਨਾਨੰਦ ਸਰਸਵਤੀ ਨੇ ਕੀਤੀ। ਇਹ ਸ਼ੋਭਾ ਯਾਤਰਾ ਆਰੀਆ ਸਮਾਜ 7ਬੀ ਚੰਡੀਗੜ੍ਹ ਤੋਂ ਸ਼ੁਰੂ ਹੋਈ। ਚੰਡੀਗੜ੍ਹ, ਪੰਚਕੂਲਾ, ਮੁਹਾਲੀ, ਰੋਪੜ, ਡੇਰਾਬੱਸੀ ਅਤੇ ਸੂਰਜਪੁਰ ਦੇ ਡੀਏਵੀ ਅਤੇ ਆਰੀਆ ਵਿੱਦਿਅਕ ਅਦਾਰਿਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸ਼ੋਭਾ ਯਾਤਰਾ ਦੌਰਾਨ ਇਨ੍ਹਾਂ ਸੰਸਥਾਵਾਂ ਅਤੇ ਆਰੀਆ ਸਮਾਜ ਵੱਲੋਂ ਬਹੁਤ ਹੀ ਆਕਰਸ਼ਕ ਝਾਕੀ ਪੇਸ਼ ਕੀਤੀ ਗਈ। ਇਸ ਵਿਚ ਵੈਦਿਕ ਧਰਮ ਪ੍ਰਤੀ ਆਸਥਾ ਵਿਸ਼ੇਸ਼ ਤੌਰ ’ਤੇ ਦਿਖਾਈ ਗਈ। ਸਵਾਮੀ ਦਯਾਨੰਦ, ਵੇਦ, ਯੱਗ, ਦੇਸ਼ ਭਗਤੀ, ਆਰੀਆ ਪਰੰਪਰਾ ਅਤੇ ਸਵੱਛ ਵਾਤਾਵਰਣ ’ਤੇ ਵਿਸ਼ੇਸ਼ ਝਾਕੀ ਪੇਸ਼ ਕੀਤੀ ਗਈ। ਸ਼ੋਭਾ ਯਾਤਰਾ ਵਿਚ ਸਭ ਤੋਂ ਅੱਗੇ ਘੋੜਿਆਂ ’ਤੇ ਸਵਾਰ ਕੁੜੀਆਂ ਹੱਥਾਂ ਵਿਚ ਝੰਡੇ ਲੈ ਕੇ ’ਜੈ’ ਦੇ ਨਾਹਰੇ ਲਾਉਂਦੀਆਂ ਅੱਗੇ ਵਧ ਰਹੀਆਂ ਸਨ। ਸ਼ੋਭਾ ਯਾਤਰਾ ਸੈਕਟਰ 7, 8, 18 ਅਤੇ 19 ਦੇ ਬਾਜ਼ਾਰ ਵਿੱਚੋਂ ਦੀ ਲੰਘ ਕੇ ਆਰੀਆ ਸਮਾਜ ਸੈਕਟਰ 27 ਵਿਖੇ ਸਮਾਪਤ ਹੋਈ। ਯਾਤਰਾ ਦੌਰਾਨ ਵੱਡੀ ਗਿਣਤੀ ਵਿੱਚ ਵੈਦਿਕ ਸਾਹਿਤ ਵੀ ਵੰਡਿਆ ਗਿਆ। ਪ੍ਰੋਗਰਾਮ ਦੀ ਸਮਾਪਤੀ ਤੋਂ ਪਹਿਲਾਂ ਸੰਪੂਰਨਾਨੰਦ ਸਰਸਵਤੀ ਨੇ ਹਾਜ਼ਰ ਸਮੂਹ ਲੋਕਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਮਹਾਰਿਸ਼ੀ ਦਯਾਨੰਦ ਸਰਸਵਤੀ ਦੇ ਕੰਮਾਂ, ਵਿਚਾਰਾਂ ਅਤੇ ਸਿੱਖਿਆਵਾਂ ਨੂੰ ਜਨ-ਜਨ ਤੱਕ ਲੈ ਕੇ ਜਾਣਾ ਇੱਕ ਪਵਿੱਤਰ ਕਾਰਜ ਹੈ। ਉਨ੍ਹਾਂ ਕਿਹਾ ਕਿ ਮਹਾਰਿਸ਼ੀ ਦਯਾਨੰਦ ਸਰਸਵਤੀ ਨੇ ਨਿੱਜੀ ਖੁਸ਼ੀ ਦੀ ਪਰਵਾਹ ਕੀਤੇ ਬਿਨਾਂ ਵੇਦਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਜ਼ਹਿਰ ਪੀ ਲਿਆਕੇਂਦਰੀ ਆਰੀਆ ਸਭਾ ਦੇ ਪ੍ਰਧਾਨ ਰਵਿੰਦਰ ਤਲਵਾੜ ਨੇ ਧੰਨਵਾਦ ਕੀਤਾ। ਇਸ ਮੌਕੇ ਪਿ ੍ਰੰਸੀਪਲ ਆਰ.ਸੀ ਜੀਵਨ, ਮਧੂ ਬਹਿਲ, ਲਲਿਤਾ ਤਲਵਾੜ, ਪ੍ਰਕਾਸ਼ਚੰਦਰ ਸ਼ਰਮਾ, ਡਾ: ਵਿਨੋਦ ਕੁਮਾਰ, ਹਰਦੀਪ ਗਰੇਵਾਲ, ਰਾਜ ਸੰਧੂ, ਬੋਪ ਸਰੋਆ, ਗੁਰਪ੍ਰੀਤ ਚਾਹਲ, ਜਸਵਿੰਦਰ ਸਿੰਘ, ਪਵਨ ਪਾਲ, ਧਰਮਵੀਰ ਬੱਤਰਾ, ਡਾ: ਅਜੇ ਗੁਪਤਾ, ਪੂਜਾ ਪ੍ਰਕਾਸ਼, ਮੋਨਿਕਾ ਆਦਿ ਹਾਜ਼ਰ ਸਨ, ਪਾਲੀਵਾਲ, ਡਾ: ਰੋਜ਼ੀ ਸ਼ਰਮਾ ਆਦਿ ਵੀ ਹਾਜ਼ਰ ਸਨ। ਪ੍ਰੋਗਰਾਮ ਦੌਰਾਨ ਸਕੂਲਾਂ ਅਤੇ ਕਾਲਜਾਂ ਦੇ ਪ੍ਰਿੰਸੀਪਲ ਅਤੇ ਅਧਿਆਪਕ ਵੀ ਹਾਜ਼ਰ ਸਨ। ਯਾਤਰਾ ਦੇ ਅੰਤ ਵਿੱਚ ਰਿਸ਼ੀ ਲੰਗਰ ਵੀ ਲਗਾਇਆ ਗਿਆ।






## ਸੰਮਣ ਦੀ ਤਾਮੀਲ ਨਾ ਕਰਨ ਤੇ ਵਿਅਕਤੀ ਨੇ ਡਿਊਟੀ ਵਿਚ ਵਿਘਨ ਪਾਉਣ ਤੇ ਗਾਲੀ-ਗਲੋਚ ਕਰਨ ਦੇ ਖਿਲਾਫ ਮਾਮਲਾ ਦਰਜ

**ਲੁਧਿਆਣਾ/ਰਾਜੂ ਵਾਲੀਆ**

ਥਾਣਾ ਡਵੀਜ਼ਨ ਨੰਬਰ 8 ਦੇ ਅਧੀਨ ਆਉਂਦੇ ਸੰਤ ਨਗਰ ਘੁਮਾਰ ਮੰਡੀ ਵਿਖੇ ਡਿਊਟੀ ਤੇ ਵਿਘਨ ਪਾਉਣ ਅਤੇ ਗਾਲੀ ਗਲੋਚ ਕਰਨ ਤੇ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਹਰਜਿੰਦਰ ਸਿੰਘ ਵਾਸੀ ਪਿੰਡ ਗਿੱਲ ਨੇ ਦੱਸਿਆ ਕਿ ਉਹ ਸਿਵਲ ਜੱਜ ਸੀਨੀਅਰ ਡਵੀਜ਼ਨ ਕੋਰਟ ਨੰ:09 ਲੁਧਿਆਣਾ ਵਿਖੇ ਬਤੌਰ ਪ੍ਰੋਸੈਸਰ ਤਮੀਲੀ ਡਿਊਟੀ ਕਰਦਾ ਹਾਂ। ਓਨਾ ਦਸਿਆ ਕਿ 10 ਫਰਵਰੀ ਨੂੰ ਵਕਤ 6 ਵਜੇ ਮਾਨਯੋਗ ਜੱਜ ਰਾਜ ਕਰਣ ਸਿਵਲ ਜੱਜ ਜੂਨੀਅਰ ਡਵੀਜਨ ਲੁਧਿਆਣਾ ਵੱਲੋਂ ਜਾਰੀ ਸੰਮਨ ਤਾਮੀਲ ਕਰਾਉਣ ਲਈ ਸੰਜੇ ਗੁਪਤਾ ਦੇ ਘਰ ਗਿਆ ਸੀ ਜਿਸ ਵੱਲੋ ਸੰਮਣ ਦੀ ਬਿਨਾ ਤਾਮੀਲ ਕੀਤੇ ਅਤੇ ਉਸਨੂੰ ਵਾਪਸ ਜਾਣ ਲਈ ਕਿਹਾ ਗਿਆ ਤਾਂ ਉਸਨੇ ਕਿਹਾ ਕਿ ਜੇਕਰ ਸੰਮਣ ਦੀ ਤਾਮੀਲ ਨਹੀ ਕਰੇਗਾ ਤਾਂ ਇੰਨਕਾਰੀ ਸਬੰਧੀ ਰਿਪੋਰਟ ਕਰਨੀ ਪਵੇਗੀ ਜਿਸਤੇ ਉਕਤ ਦੋਸ਼ੀ ਓਹਨਾ ਨਾਲ ਗਾਲੀ ਗਲੋਚ ਅਤੇ ਧੱਕਾ ਮੁੱਕੀ ਕਰਨ ਲੱਗ ਪਿਆ ਤੇ ਉਸਦੀ ਸਰਕਾਰੀ ਡਿਊਟੀ ਵਿੱਚ ਵਿਘਨ ਪਾਇਆ। ਇਸ ਸਬੰਧੀ ਉਸ ਨੇ ਥਾਣਾ ਡਵੀਜ਼ਨ ਨੰ 8 ਨੂੰ ਸੂਚਿਤ ਕੀਤਾ ਜਿਸ ਸਬੰਧੀ ਏਐਸਆਈ ਸੁਖਰਾਜ ਸਿੰਘ ਨੇ ਦੋਸ਼ੀ ਖਿਲਾਫ ਤਾਰਾ 354,186 ਆਈ ਪੀ ਸੀ ਦੇ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ

## ਇਲੈਕਟ੍ਰਿਕ ਦੀ ਦੁਕਾਨ ਤੋਂ ਚੋਰੀ ਕਰ ਅਣਪਛਾਤੇ ਵਿਅਕਤੀ ਸਮਾਨ ਲੈ ਹੋਏ ਫ਼ਰਾਰ

**ਲੁਧਿਆਣਾ/ਰਾਜੂ ਵਾਲੀਆ**

ਥਾਣਾ ਦੁੱਗਰੀ ਦੇ ਅਧੀਨ ਦੇ ਖੇਤਰ ਪੱਖੋਵਾਲ ਰੋਡ ਵਿਖੇ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਦੁਕਾਨ ਦੀ ਖਿੜਕੀ ਤੋੜ ਕੇ ਬਿਜਲੀ ਦਾ ਸਮਾਨ ਲੈ ਕੇ ਫਰਾਰ ਹੋ ਗਏ ਪੁਲਿਸ ਵੱਲੋਂ ਮਾਮਲਾ ਦਰਜ ਕਰ ਲਿਆ ਗਿਆ ਹੈ ਪੱਖੋਵਾਲ ਰੋਡ ਦੇ ਰਹਿਣ ਵਾਲੇ ਪਰਮਜੀਤ ਸਿੰਘ ਨੇ ਦੱਸਿਆ ਕਿ ਪੱਖੋਵਾਲ ਰੋਡ ਵਿਖੇ ਉਸਦੀ ਕੋਚਰ ਇਲੈਕਟ੍ਰਿਕ 5 ਟ ?ੇਡਰ ਨਾਮ ਦੀ ਬਿਜਲੀ ਦੇ ਸਮਾਨ ਦੀ ਦੁਕਾਨ ਹੈ ।ਇਹ ਕਿ 13 ਫਰਵਰੀ ਨੂੰ ਉਹ ਰਾਤ 9 ਵਜੇ ਆਪਣੀ ਦੁਕਾਨ ਬੰਦ ਕਰਕੇ ਘਰ ਚਲਾ ਗਿਆ। ਅਤੇ 14 ਫਰਵਰੀ ਨੂੰ ਸਵੇਰੇ ਪਤਾ ਲੱਗਾ ਕਿ ਕੋਈ ਨਾਮਲੂਮ ਵਿਅਕਤੀ ਤੀਜੀ ਮੰਜਿਲ ਤੇ ਬਣੀ ਲੱਕੜ ਅਤੇ ਸਰੀਏ ਦੀ ਖਿੜਕੀ ਤੋੜ ਕੇ ਦੁਕਾਨ ਅੰਦਰੋਂ ਮਹਿੰਗੀ ਤਾਰ ਦੇ ਬੰਡਲ ਅਤੇ ਉਸਦੀ ਦੁਕਾਨ ਤੇ ਓਨਾ ਨਾਲ ਦੇ ਪ੍ਰਾਪਰਟੀ ਦੇ ਦਫਤਰ ਦੇ ਦਰਾਜਾਂ ਵਿਚੋਂ ਕੁੱਝ ਕੇਸ਼ ਚੋਰੀ ਕਰਕੇ ਲੈ ਗਏ। ਓਨਾ ਇਹ ਵੀ ਦਸਿਆ ਕਿ ਉਹ ਚੋਰੀ ਹੋਈ ਤਾਰ ਤੇ ਕੈਸ਼ ਦੀ ਡੀਟੇਲ ਅਤੇ ਬਿੱਲ ਬਾਅਦ ਵਿੱਚ ਪੇਸ਼ ਕਰੇਗਾ। ਇਸ ਸਬੰਧੀ ਥਾਣਾ ਦੁਗਰੀ ਦੀ ਪੁਲੀਸ ਨੂੰ ਸੂਚਿਤ ਕੀਤਾ ਗਿਆ ਪੁਲਿਸ ਨੇ ਮੌਕੇ ਦਾ ਜਾਇਜ਼ਾ ਅਣਪਛਾਤੇ ਵਿਅਕਤੀ ਖ਼ ?ਲਾਫ਼ ਧਾਰਾ 457,380 ਆਈ ਪੀ ਸੀ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।





# ਵਿਮੁਕਤ ਕਬੀਲੇ ਬਾਵਰੀਆ ਮਹਾਂਸੰਘ ਜੱਥੇਬੰਦੀ ਵੱਲੋ ਸਰਬ ਸੰਮਤੀ ਨਾਲ ਵਾਹਿਗੁਰੂ ਸਿੰਘ ਕਾਬਲਵਾਲਾ ਨੂੰ ਯੂਥ ਵਿੰਗ ਪੰਜਾਬ ਦਾ ਪ੍ਰਧਾਨ ਬਣਾਇਆ

**ਫਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਵਿਮੁਕਤ ਕਬੀਲੇ ਬਾਵਰੀਆਂ ਮਹਾਂ ਸੰਘ ਕਮੇਟੀ ਅਤੇ ਪੰਜਾਬ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਬੁਲਾਈ ਗਈ ਜਿਸ ਵਿੱਚ ਵਿਮੁਕਤ ਕਬੀਲੇ ਦੇ ਸਾਰੇ ਆਗੂਆਂ ਨੇ ਸੰਵਿਧਾਨਕ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਪੰਜਾਬ ਸਰਕਾਰ ਵੱਲੋਂ 15=9=2022=ਨੂੰ ਜਾਰੀ ਕੀਤੀ ਕਬੀਲੇ ਮਾਰੂ ਚਿੱਠੀ ਰੱਦ ਕਰਵਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਯੂਥ ਵਿੰਗ ਦੇ ਪੰਜਾਬ ਪ੍ਰਧਾਨ ਸਰਦਾਰ ਵਾਹਿਗੁਰੂ ਸਿੰਘ ਕਾਬਲ ਵਾਲਾਂ ਨੂੰ ਫੁੱਲ ਅਖਤਿਆਰ ਵੀ ਦਿੱਤਾ ਗਿਆ ਕਿ ਉਹ ਪਿੰਡ ਪਿੰਡ ਸ਼ਹਿਰ ਸ਼ਹਿਰ ਵਿੱਚ ਜਾਂ ਕੇ ਕਮੇਟੀ ਦਾ ਗਠਨ ਤਾ ਜੋ ਪੰਜਾਬ ਦੀ ਨੌਜਵਾਨੀ ਨੂੰ ਸਮਾਜ ਦੀ ਨਾੜ ਜੋੜਿਆ ਜਾ ਸਕੇ ਅਤੇ ਤਾਂ ਜੋ ਸਮਾਜ ਦੀ ਤਰੱਕੀ ਹੋਵੇ ਸਰਦਾਰ ਵਾਹਿਗੁਰੂ ਸਿੰਘ ਕਾਬਲ ਵਾਲਾਂ ਨੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਆਖਿਆ ਕਿ



ਨੋਜਵਾਨਾ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ ਜਾਵੇ ਅਤੇ ਖੇਡਾਂ ਨਾਲ ਜੁੜਿਆ ਜਾਵੇ ਪੰਜਾਬ ਦੀ ਸੂਬਾ ਕਮੇਟੀ ਮੈਂਬਰ ਸ, ਪਰਮਜੀਤ ਸਿੰਘ ਬਰਗਾੜੀ ਜਸਵੀਰ ਸਿੰਘ ਡੂੰਮਵਾਲੀ ਬਲਦੇਵ ਸਿੰਘ ਮਰਖਾਈ ਛਿੰਦਰ ਸਿੰਘ ਪਟਵਾਰੀ ਅਤੇ ਸੂਬੇ ਦੇ ਸੀਨੀਅਰ ਆਗੂ ਗੁਰਦੇਵ ਸਿੰਘ ਚਰਨ ਕਰਨੈਲ ਸਿੰਘ ਬਰਗਾੜੀ ਸਰਦਾਰ ਨੱਛਤਰ ਸਿੰਘ ਏ ਐਸ ਆਈ ਪ੍ਰਧਾਨ ਮੁਕਤਸਰ ਸਾਹਿਬ ਮਿੰਦਰ ਸਿੰਘ ਮਾਨ ਸਿੰਘ ਵਾਲਾ ਕਰਤਾਰ ਸਿੰਘ ਗੁਰਦੁਆਰਾ ਪ੍ਰਬੰਧਕ ਸੇਵਾ ਕਾਬਲ ਵਾਲਾਂ ਬੋਹੜ ਸਿੰਘ ਮੈਂਬਰ ਸੁਖਦੇਵ ਸਿੰਘ ਫੋਜੀ ਸਾਧਾ ਵਾਲਾ ਹਾਜ਼ਰ ਸਨ ਸਰਦਾਰ ਵਾਹਿਗੁਰੂ ਸਿੰਘ ਨੇ ਸਮਾਜ ਦਾ ਅਤੇ ਸੀਨੀਅਰ ਆਗੂਆਂ ਅਤੇ ਸੂਬਾ ਕਮੇਟੀ ਦਾ ਬਹੁਤ ਬਹੁਤ ਧੰਨਵਾਦ ਕੀਤਾ ਗੁਰਜੀਤ ਸਿੰਘ ਸੋਲੰਕੀ ਲੱਛਮਣ ਸਿੰਘ ਸਾਦਿਕ ਗੁਰਮੇਲ ਸਿੰਘ ਸਾਦਿਕ ਬਲਰਾਜ ਸਿੰਘ ਕਾਬਲ ਵਾਲਾਂ ਸੁਖਦੇਵ ਸਿੰਘ ਫੋਜੀ ਸਾਧਾ ਵਾਲਾ ਬੋਹੜ ਸਿੰਘ ਮੈਂਬਰ ਪੰਚਾਇਤ ਐਡਵੋਕੇਟ ਅਮਨਦੀਪ ਸਿੰਘ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ

# ਜ਼ਿਲ੍ਹਾ ਊਨਾ ਦੇ ਡੇਰਾ ਬਾਬਾ ਬੜਭਾਗ ਸਿੰਘ ਮੈੜੀ ਵਿਖੇ 27 ਫਰਵਰੀ ਤੋਂ ਹੋਲੀ ਮੇਲਾ ਸ਼ੁਰੂ

## ਟਰੱਕਾਂ, ਟਰੈਕਟਰ-ਟਰਾਲੀਆਂ ਸਮੇਤ ਹੋਰ ਮਾਲ ਗੱਡੀਆਂ ਰਾਹੀਂ ਸ਼ਰਧਾਲੂਆਂ ਦੀ ਆਮਦ 'ਤੇ ਮੁਕੰਮਲ ਪਾਬੰਦੀ ਰਹੇਗੀ

**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਦੇ ਪਿੰਡ ਮੈੜੀ ਵਿਖੇ ਡੇਰਾ ਬਾਬਾ ਬੜਭਾਗ ਸਿੰਘ ਵਿਖੇ 27 ਫਰਵਰੀ ਤੋਂ 10 ਮਾਰਚ ਤੱਕ ਹੋਲੀ ਮੇਲੇ ਦੌਰਾਨ ਟਰੱਕਾਂ, ਟਰੈਕਟਰ-ਟਰਾਲੀਆਂ ਸਮੇਤ ਹੋਰ ਮਾਲ ਗੱਡੀਆਂ ਰਾਹੀਂ ਸ਼ਰਧਾਲੂਆਂ ਦੀ ਆਮਦ 'ਤੇ ਮੁਕੰਮਲ ਪਾਬੰਦੀ ਰਹੇਗੀ।

ਇਸ ਸਬੰਧੀ ਡਿਪਟੀ ਕਮਿਸ਼ਨਰ ਊਨਾ ਦੇ ਬੁਲਾਰੇ ਨੇ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਦੇ ਪਿੰਡ ਮੈੜੀ ਵਿਖੇ ਡੇਰਾ ਬਾਬਾ ਬੜਭਾਗ ਸਿੰਘ ਵਿਖੇ 27 ਫਰਵਰੀ ਤੋਂ 10 ਮਾਰਚ ਤੱਕ ਹੋਲੀ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੇਲਾ 27 ਫਰਵਰੀ ਨੂੰ ਸ਼ੁਰੂ ਹੋਵੇਗਾ, 7 ਮਾਰਚ ਨੂੰ ਝੰਡੇ ਦੀ ਰਸਮ ਅਦਾ ਕੀਤੀ ਜਾਵੇਗੀ, ਜਦਕਿ 9 ਮਾਰਚ ਅਤੇ 10 ਮਾਰਚ ਨੂੰ ਸਵੇਰੇ 2 ਵਜੇ ਪੰਜਾ ਪ੍ਰਸ਼ਾਦ ਵਰਤਾਇਆ ਜਾਵੇਗਾ.

ਉਨ੍ਹਾਂ ਦੱਸਿਆ ਕਿ ਊਨਾ ਜ਼ਿਲ੍ਹੇ ਦੇ ਇਸ ਪ੍ਰਸਿੱਧ ਮੇਲੇ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਡੇਰਾ ਬਾਬਾ ਬੜਭਾਗ ਸਿੰਘ ਮੱਥਾ ਟੇਕਣ ਲਈ ਆਉਂਦੇ ਹਨ ਜਿੱਥੇ ਟਰੱਕਾਂ, ਟਰਾਲੀਆਂ ਅਤੇ ਟਰੈਕਟਰ-ਟਰਾਲੀਆਂ ਸਮੇਤ ਹੋਰ ਮਾਲ ਗੱਡੀਆਂ ਰਾਹੀਂ ਸ਼ਰਧਾਲੂਆਂ ਦੀ ਆਮਦ 'ਤੇ ਮੁਕੰਮਲ ਪਾਬੰਦੀ ਰਹੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸ਼ਰਧਾਲੂ ਮਾਲ ਗੱਡੀਆਂ ਵਿੱਚ ਆਉਂਦਾ ਹੈ ਤਾਂ ਉਸ ਨੂੰ ਹਿਮਾਚਲ ਪ੍ਰਦੇਸ਼ ਦੇ ਐਂਟਰੀ ਗੇਟ 'ਤੇ ਰੋਕਿਆ ਜਾਵੇਗਾ ਅਤੇ ਚੈਕਿੰਗ ਬੈਰੀਅਰ ਤੋਂ ਅੱਗੇ ਨਹੀਂ ਜਾਣ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਵਾਹਨ ਮਾਲਕ ਖ਼ਿਲਾਫ਼ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਪੰਜਾਬ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੈੜੀ ਮੇਲੇ ਵਿੱਚ ਆਉਣ ਲਈ ਮਾਲ ਗੱਡੀਆਂ ਦੀ ਵਰਤੋਂ ਤੋਂ ਗੁਰੇਜ਼ ਕੀਤਾ ਜਾਵੇ ਅਤੇ ਮੇਲੇ ਵਿੱਚ ਪਹੁੰਚਣ ਲਈ ਸਿਰਫ਼ ਬੱਸਾਂ ਦੀ ਵਰਤੋਂ ਹੀ ਕੀਤੀ ਜਾਵੇ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਉਹ ਸਫਲ ਅਤੇ ਸੁਰੱਖਿਅਤ ਧਾਰਮਿਕ ਯਾਤਰਾ ਲਈ ਜ਼ਿਲ੍ਹਾ ਪ੍ਰਸ਼ਾਸਨ ਊਨਾ ਨੂੰ ਆਪਣਾ ਪੂਰਨ ਸਹਿਯੋਗ ਦੇਣ।






**ਲੁਧਿਆਣਾ/ਸੁਖਚੈਨ ਮਹਿਰਾ**

ਭਾਜਪਾ ਲੁਧਿਆਣਾ ਜਿਲਾ ਪ੍ਰਧਾਨ ਸੇਵਕ ਸ਼੍ਰੀ ਰਜਨੀਸ਼ ਧੀਮਾਨ ਜੀ ਦੇ ਆਦੇਸ਼ਾਂ ਅਨੁਸਾਰ ਭਾਜਪਾ ਸੁਭਾਸ਼ ਨਗਰ ਮੰਡਲ ਵਿਚ ਸੜਕਾਂ ਦੀ ਖ਼ਰਾਬ ਹਲਾਤਾਂ ਕਰਕੇ ਪੰਜਾਬ ਸਰਕਾਰ ਅਤੇ ਲੁਧਿਆਣਾ ਨਗਰ ਨਿਗਮ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿਚ ਸਾਡੇ ਮੰਡਲ ਪ੍ਰਭਾਰੀ ਸ਼੍ਰੀ ਲਕੀ ਸ਼ਰਮਾ ਜੀ,ਸਾਡੇ ਸੀਨੀਅਰ ਅਤੇ ਸਾਬਕਾ ਕੌਂਸਲਰ ਗੁਰਬਕਸ਼ ਸਿੰਘ ਬਿੱਲਾ ਜੀ, ਮਾਸਟਰ ਸ਼੍ਰੀ ਚਮਨ ਸਿੰਘ ਜੀ, ਬੁੱਧ ਸਿੰਘ ਠਾਕੁਰ ਰਸ਼ਪਾਲ ਡੋਗਰਾ ਜੀ, ਜਸਦੇਵ ਤਿਵਾਰੀ ਜੀ, ਸਰਦਾਰ ਬਲਜਿੰਦਰ ਸਿੰਘ ਗਰਚਾ, ਅਸ਼ੋਕ ਚੌਧਰੀ ਜੀ, ਬਲਦੇਵ ਦਾਸ ਸ਼ਰਮਾ, ਸੰਜੇ ਸੋਨੀ ਵੀਰ ਜੀ, ਅਰਜਿੰਦਰ ਪਾਜੀ, ਰਾਜੀਵ ਜੋਗ, ਬਲਵੀਰ ਮਜ਼ੋਕਾ, ਰਮੇਸ਼ ਕੁਮਾਰ ਠਾਕੁਰ, ਮੋਹਨ ਲਾਲ, ਸਾਹਿਲ ਬਾਵਾ, ਸੌਰਵ ਜੋਗ,ਨਿਤਿਨ ਗੁਪਤਾ,ਸਚਿਨ,ਸੂਰਜ, ਰਾਜਾ ਆਦਿ ਸ਼ਾਮਿਲ ਹੋਏ, ਮੈਂ ਆਉਣ ਵਾਲੇ ਸਾਰੇ ਵੱਡੇ ਅਤੇ ਛੋਟੇ ਭਰਾਵਾਂ ਦਾ ਦਿਲੋਂ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

# 'ਸੁਪਨਿਆਂ ਦਾ ਘਰ'

'ਗੁਰਪ੍ਰੀਤ ਮਿੰਟੂ' ਦੀ ਕਰਾਂ ਕੀ ਸਿਫਤ ਯਾਰੋ!
ਇਹ ਦੁਖੀਆਂ ਦੇ ਦੁੱਖ ਵੰਡਾਉਣ ਵਾਲਾ।
ਜਿਸਦਾ ਕੋਈ ਵੀ ਨਾ ਵਾਲੀ ਵਾਰਸ ਇਥੇ,
ਬਣ ਵਾਰਸ ਗਲ ? ਨਾਲ ? ਲਾਉਣ ਵਾਲਾ।
ਬੁਰੀ ਹਾਲਤ ਜਿਸ ਕੋਲ ਨਾ ਜਾਵੇ ਖੜਿਆ,
ਉਹਦਾ ਹੱਥੀ ਇਲਾਜ਼ ਕਰਨ ਕਰਵਾਉਣ ਵਾਲਾ।
ਇਸਦੇ ਪੂਰੇ ਗਰੁੱਪ ਨੂੰ ਮੈਂ ਕਰਾ ਸਿਜਦਾ,
ਲੋੜਵੰਦਾਂ ਨੂੰ ਦੂਰੋਂ ਚੁੱਕ ਲਿਆਉਣ ਵਾਲਾ।
'ਮੇਜਰ' ਕਹਿੰਦੇ ਹਸਨਪੁਰ ਵਿੱਚ ਸਭ ਦਾ ਕਰੇ ਭਲਾ,
ਬਿਨਾਂ ਭੇਦ ਭਾਵ 'ਸੁਪਨਿਆਂ ਦਾ ਘਰ' ਚਲਾਉਣ ਵਾਲਾ।

**-ਮੇਜਰ ਸਿੰਘ 'ਬੁਢਲਾਡਾ'**








# ਅੰਤਰ ਰਾਸ਼ਟਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਚੇਤਨਾ ਰੈਲੀ ਕੱਢੀ

## ਡਿਪਟੀ ਕਮਿਸ਼ਨਰ ਰੰਧਾਵਾ ਨੇ ਰੈਲੀ ਨੂੰ ਰਵਾਨਾ ਕਰਨ ਮੌਕੇ ਪੰਜਾਬੀ ਮਾਂ-ਬੋਲੀ ਦੇ ਪ੍ਰਚਾਰ ਅਤੇ ਪਸਾਰ ਲਈ ਕੀਤੀ ਅਪੀਲ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅੱਜ ਇੱਥੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਵੱਲੋਂ ਮਾਤ ਭਾਸ਼ਾ ਪੰਜਾਬੀ ਨੂੰ ਪ੍ਰਫੁੱਲਤ ਕਰਨ ਅਤੇ ਬਣਦਾ ਮਾਣ-ਸਤਿਕਾਰ ਦੇਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਪਰ ਇਹ ਉਪਰਾਲੇ ਉਸ ਮੌਕੇ ਹੀ ਕਾਮਯਾਬ ਹੋ ਸਕਦੇ ਹਨ ਜੇਕਰ ਅਸੀਂ ਸੱਚੇ ਮਨੋਂ ਪੰਜਾਬੀ ਮਾਂ-ਬੋਲੀ ਦੇ ਸਪੂਤ ਬਣ ਕੇ ਦਫ਼ਤਰੀ ਵਰਤੋਂ ਦੇ ਨਾਲ-ਨਾਲ ਆਪਣੇ ਸੂਚਨਾ ਬੋਰਡਾਂ 'ਤੇ ਵੀ ਪੰਜਾਬੀ ਨੂੰ ਮਾਣ ਦੇਈਏ।ਇਹ ਪ੍ਰਗਟਾਵਾ ਉਨ੍ਹਾਂ ਨੇ ਪੰਜਾਬੀ ਮਾਂ-ਬੋਲੀ ਦੇ ਪ੍ਰਚਾਰ ਅਤੇ ਪਸਾਰ ਲਈ ਜ਼ਿਲ੍ਹਾ ਭਾਸ਼ਾ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਅੰਤਰ ਰਾਸ਼ਟਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਚੇਤਨਾ ਰੈਲੀ ਨੂੰ ਸਥਾਨਕ ਡਿਪਟੀ ਕਮਿਸ਼ਨਰ ਦਫ਼ਤਰ ਤੋਂ ਰਵਾਨਾ ਕਰਨ ਸਮੇਂ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਸਹਾਇਕ ਕਮਿਸ਼ਨਰ (ਜ) ਡਾ. ਗੁਰਲੀਨ ਕੌਰ ਸਿੱਧੂ ਤੇ ਜ਼ਿਲ੍ਹਾ ਭਾਸ਼ਾ ਦਫ਼ਤਰ ਦੇ ਖੋਜ ਅਫ਼ਸਰ ਸੰਦੀਪ ਸਿੰਘ ਵੀ ਮੌਜੂਦ ਸਨ।ਇਹ ਜਾਗਰੂਕਤਾ ਰੈਲੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੋਂ ਸ਼ੁਰੂ ਹੋ ਕੇ ਚੰਡੀਗੜ੍ਹ ਚੌਂਕ ਹੁੰਦੀ ਹੋਈ ਬਾਰਾਂਦਰੀ ਬਾਗ਼ ਜਾ ਕੇ ਸਮਾਪਤ ਹੋਈ। ਇਸ ਰੈਲੀ ਵਿੱਚ ਸ. ਦਿਲਬਾਗ਼ ਸਿੰਘ ਸਰਕਾਰੀ ਕਾਲਜ ਜਾਡਲਾ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ। ਰੈਲੀ ਵਿੱਚ ਕਾਲਜ ਤੋਂ ਡਾ. ਬਲਜੀਤ ਕੌਰ, ਪ੍ਰੋ. ਪ੍ਰੀਆ ਬਾਵਾ, ਪ੍ਰੋ. ਨੇਹਾ ਰਾਣੀ, ਪ੍ਰੋ. ਪਰਮਜੀਤ ਕੌਰ, ਪ੍ਰੋ. ਸੋਨੀਆ, ਪ੍ਰੋ. ਹਰਜੀਤ ਕੌਰ, ਪ੍ਰੋ. ਜਸਵਿੰਦਰ ਰੱਲ੍ਹ ਅਤੇ ਪ੍ਰੋ. ਹਰਿੰਦਰਜੀਤ ਸਿੰਘ, ਭਾਸ਼ਾ ਵਿਭਾਗ ਤੋਂ ਸੁਖਜਿੰਦਰ ਸਿੰਘ, ਹਰਪ੍ਰੀਤ ਸਿੰਘ ਅਤੇ ਹਨੀ ਕੁਮਾਰ ਹਾਜ਼ਰ ਰਹੇ।



## 17 ਫਰਵਰੀ ਨੂੰ ਭਗਵੰਤ ਮਾਨ ਮੁੱਖ ਮੰਤਰੀ ਬ੍ਰਿਗੇ. ਕੁਲਦੀਪ ਚਾਂਦਪੁਰੀ ਦੇ ਬੁੱਤ ਨੂੰ ਕਰਨਗੇ ਜਨਤਾ ਦੇ ਸਮਪਰਪਣ : ਸੰਤੋਸ਼ ਕਟਾਰੀਆ ਵਿਧਾਇਕਾ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਪਰਮਵੀਰ ਚੱਕਰ ਵਿਜੇਤਾ, ਮਹਾਂਵੀਰ ਚੱਕਰ ਵਿਜੇਤਾ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਜੋ ਕਿ 1971 ਦੇ ਪ੍ਰਸਿੱਧ ਯੁੱਧ ਲੌਂਗੋਵਾਲਾ ਪੋਸਟ ਤੇ ਪਾਕਿਸਤਾਨ ਖਿਲਾਫ ਭਾਰਤੀ ਫੌਜ ਦੀ ਕਮਾਂਡ ਸੰਭਾਲਦੇ ਹੋਏ ਪਾਕਿਸਤਾਨ ਦੀ ਫੌਜ ਨੂੰ ਧੂਲ ਚਟਾਈ। ਉਹਨਾਂ ਦੀ ਯਾਦ ਵਿੱਚ ਉਹਨਾਂ ਦੇ



ਜੱਦੀ ਪਿੰਡ ਚਾਂਦਪੁਰ ਰੁੜਕੀ ਵਿਖੇ 17 ਫਰਵਰੀ 10 ਵਜੇ ਸਵੇਰੇ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦੇ ਬੁੱਤ ਨੂੰ ਜਨਤਾ ਦੇ ਸਮਪਰਪਣ ਕਰਨ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਨੇ ਚੰਡੀਗੜ੍ਹ ਰਿਹਾਇਸ਼ ਤੋਂ ਫੋਨ ਤੇ ਕੀਤਾ। ਬੀਬੀ ਸੰਤੋਸ਼ ਕਟਾਰੀਆ ਨੇ ਕਿਹਾ ਕਿ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਜੀ ਸਾਡੇ ਬਲਾਚੌਰ ਹਲਕੇ ਦੀ ਸ਼ਾਨ ਹਨ। ਉਹਨਾਂ ਦੇ ਫੌਜ ਦੀ ਕਾਰਜਸ਼ੈਲੀ ਤੇ ਬਾਲੀਵੁੱਡ ਨੇ 'ਬਾਰਡਰ' ਫਿਲਮ ਵੀ ਬਣਾਈ ਸੀ ਜਿਸਨੂੰ ਕਿ ਸੰਸਾਰ ਭਰ ਵਿੱਚ ਬਹੁਤ ਪ੍ਰਸਿੱਧੀ ਮਿਲੀ ਸੀ। ਬੀਬੀ ਕਟਾਰੀਆ ਨੇ ਹਲਕੇ ਦੀ ਸਮੂਹ ਜਨਤਾ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਜਨਤਾ ਚਾਂਦਪੁਰ ਰੁੜਕੀ ਵਿਖੇ ਪਹੁੰਚ ਕੇ ਅਪਣੇ ਮਨਪਸੰਦ ਮੁੱਖਮੰਤਰੀ ਭਗਵੰਤ ਮਾਨ ਜੀ ਦੇ ਵਿਚਾਰ ਸੁਣੋ। ਬੀਬੀ ਕਟਾਰੀਆ ਨੇ ਕਿਹਾ ਕਿ ਪੰਜਾਬ ਸਰਕਾਰ ਸ਼ਹੀਦਾਂ ਦਾ ਤੇ ਯੋਧਿਆਂ ਦਾ ਬਹੁਤ ਹੀ ਸਤਿਕਾਰ ਕਰਦੀ ਹੈ। ਇਸ ਦੀ ਜਾਣਕਾਰੀ ਮੀਡੀਆ ਨੂੰ ਦਿੰਦੇ ਹੋਏ ਚੰਦਰ ਮੋਹਨ ਜੇਡੀ ਹਲਕਾ ਤੇ ਜਿਲ੍ਹਾ ਮੀਡੀਆ ਇੰਚਾਰਜ ਨੇ ਕਿਹਾ ਕਿ ਅੱਜ ਤੱਕ ਕਿਸੇ ਵੀ ਸਰਕਾਰ ਨੇ ਅਪਣੇ ਯੋਧਿਆਂ ਦਾ ਸਤਿਕਾਰ ਨਹੀ ਕੀਤਾ।

## 1 ਮਾਰਚ ਨੂੰ ਐੱਸ ਡੀ ਐੱਮ ਪੱਟੀ ਦੇ ਦਫ਼ਤਰ ਅੱਗੇ ਹੋਵੇਗੇ ਕਿਸਾਨਾ ਮਜਦੂਰਾ ਦਾ ਵੱਡਾ ਇਕੱਠ : ਸਭਰਾ

### ਪੱਟੀ ਐੱਸ ਡੀ ਐੱਮ ਦਫਤਰ ਅੱਗੇ ਲੱਗਾ ਮੋਰਚਾ 189 ਦਿਨ ਵਿੱਚ ਦਾਖਲ

**ਸਭਰਾ/ਕਿਸ਼ੋਰੀ ਲਾਲ ਹੈਪੀ ਸਭਰਾ**

ਕਿਸਾਨ ਮਜਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਝੰਡੇ ਹੇਠ ਐੱਸ ਡੀ ਐੱਮ ਦਫਤਰ ਅੱਗੇ ਅਣਮਿੱਥੇ ਸਮੇ ਲਈ ਲੱਗਾ ਮੋਰਚਾ 189 ਦਿਨ ਵਿੱਚ ਦਾਖਲ ਹੋ ਗਿਆ ਇਹ ਜਾਣਕਾਰੀ ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਸੰਗਠਨ ਸੁਖਵਿੰਦਰ ਸਿੰਘ ਸਭਰਾ ਨੇ ਮੋਰਚੇ ਵਿੱਚ ਹਾਜ਼ਰੀ ਭਰਦੇ ਹੋਏ ਸਾਂਝੀ ਕੀਤੀ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆ ਕਿਸਾਨ ਆਗੂ ਸੁਖਵਿੰਦਰ ਸਿੰਘ ਸਭਰਾ,ਤਰਸੇਮ ਸਿੰਘ ਧਾਰੀਵਾਲ ,ਸਵਰਣ ਸਿੰਘ ਹਰੀਕੇ,ਹਰਿੰਦਰ ਸਿੰਘ ਆਸਲ, ਗੁਰਜੰਟ ਸਿੰਘ ਭੱਗੂਪੁਰ, ਜਗਰਾਜ ਸਿੰਘ ਸਭਰਾ ਰਾਜਸਥਾਨੀ ਨੇ ਕਿਹਾ ਕਿ ਪਛਿਲੇ ਲਗਭਗ ਛੇ ਮਹੀਨਿਆ ਤੋ ਐੱਸ ਡੀ ਐੱਮ ਦਫਤਰ ਅੱਗੇ ਲੱਗੇ ਧਰਨੇ ਤੇ ਪ੍ਰਸ਼ਾਸਨ ਵੱਲੋ ਧਿਆਨ ਨਾ ਦੇਣ ਦੇ ਰੋਸ਼ ਵਿੱਚ ਕਿਸਾਨ ਮਜਦੂਰ ਸੰਘਰਸ਼ ਕਮੇਟੀ ਦੇ ਪੱਟੀ ਜੋਨ ਵੱਲੋ ਐੱਸ ਡੀ ਐੱਮ ਦਫਤਰ ਅੱਗੇ ਲੱਗੇ ਧਰਨੇ ਵਿੱਚ ਕਿਸਾਨ ਮਜਦੂਰ ਵੱਡੀ ਗਿਣਤੀ ਵਿੱਚ ਸਮੂਲੀਅਤ ਕਰਨਗੇ ਕਿਉ ਕਿ ਪੱਟੀ ਹਲਕੇ ਨਾਲ ਸਬੰਧਤ ਮਸਲਿਆ ਨੂੰ ਲੈ ਕੇ ਜਿਵੇ ਪਿੰਡ ਸੀਤੋ ਨੋ ਬਆਦ ਰੋਹੀ ਦੀ ਮੁਕੰਮਲ ਖਲਵਾਹੀ ਕਰਕੇ ਪਾਣੀ ਦਰਿਆ ਵਿੱਚ ਪੁੱਜਦਾ ਕੀਤਾ ਜਾਵੇ,ਪਿੰਡ ਸੰਗਵ,ਆਸਲ,ਭੱਗੂਪੁਰ ਅਤੇ ਪਿੰਡ ਪਰਿਗੜੀ ਵਾਲੀ ਸੜਕ ਤੇ ਲੁਕ ਬੱਜਰੀ ਪਾ ਕੇ ਬਣਾਇਆ ਜਾਵੇ,ਅਮਿ ?ਰੰਤਸਰ ਤੋ ਵਾਇਆ ਪੱਟੀ ਖੇਮਕਰਨ ਸੜਕ ਵਿਚ ਰੁੱਖ ਟੋਏ ਖੰਭੇ ਆਦਿ ਹਟਾਏ ਜਾਣ,ਪਿੰਡਾ ਦੀਆ ਲਿੰਕ ਸ਼ੜਕਾ ਦੀ ਨਿਸ਼ਾਨਦੇਹੀ ਕਰਕੇ ਕਨਾਰਿਆ ਤੇ ਰੁੱਖ ਲਗਾਏ ਜਾਣ,ਲੋਕਾ ਦੀ ਹਿੱਤ ਦੀ ਗੱਲ ਕਰਦਿਆ ਕਿਸਾਨ ਆਗੂਆ ਤੇ ਹੋਏ ਪਰਚਿਆ ਨੂੰ ਰੱਦ ਕਰਵਾਉਣ ,ਪਾਣੀ ਅਤੇ ਵਾਤਾਵਰਣ ਖਰਾਬ ਕਰਦੀਆ ਫੈਕਟਰੀਆ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਆਦਿ ਮਸਲਿਆ ਨੂੰ ਲੈ ਕੇ ਅਣਮਿੱਥੇ ਸਮੇ ਲਈ ਮੋਰਚਾ ਲਗਾਤਾਰ ਚੱਲ ਰਿਹਾ ਪਰ ਪ੍ਰਸ਼ਾਸਨ ਅਤੇ ਹਲਕਾ ਵਿਧਾਇਕ ਨਾਲ ਵੀ ਕਈ ਮੀਟਿੰਗਾ ਤੋ ਬਾਅਦ ਕਿਸੇ ਮਸਲੇ ਦਾ ਠੋਸ ਹੱਲ ਨਹੀ ਕੱਢਿਆ ਗਿਆ। ਸਿਰਫ ਥੋੜੇ ਜਿਹੇ ਕੰਮ ਚਲਾ ਕਾ ਖਾਨਾ ਪੂਰਤੀ ਕੀਤੀ ਗਈ ਹੈ ਇਸ ਲਈ ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜਿਲ੍ਹਾ ਅਤੇ ਸੂਬਾ ਆਗੂਆ ਨਾਲ ਵਿਚਾਰ ਵਟਾਂਦਰਾ ਕਰਕੇ 1 ਮਾਰਚ ਨੂੰ ਐੱਸ ਡੀ ਐੱਮ ਦਫਤਰ ਪੱਟੀ ਅੱਗੇ ਵੱਡਾ ਇਕੱਠ ਕਰਨ ਦਾ ਐਲਾਨ ਕੀਤੀ ਗਿਆ ਅਤੇ ਕਿਸਾਨ ਆਗੂਆ ਨੇ ਚੇਤਾਵਨੀ ਦਿੰਦਿਆ ਕਿਹਾ ਕੇ ਜੇਕਰ ਕੰਮਾ ਦੀ ਰਫਤਾਰ ਤੇਜ ਨਾ ਹੋਈ ਤਾ ਹਲਕਾ ਵਿਧਾਇਕ ਅਤੇ ਪ੍ਰਸ਼ਾਸਨ ਨੂੰ ਲੋਕਾ ਦੇ ਰੋਸ਼ ਦਾ ਸਾਹਮਣਾ ਕਰਨਾ ਔਖਾ ਹੋਵੇਗਾ 1 ਮਾਰਚ ਨੂੰ ਵੱਡੀ ਗਿਣਤੀ ਵਿੱਚ ਕਿਸਾਨ ਮਜਦੂਰ ਅਤੇ ਬੀਬੀਆ ਵੱਡੇ ਇਕੱਠ ਵਿਚ ਸਮੂਲੀਅਤ ਕਰਨਗੀਆ ਅਤੇ ਵੱਡੇ ਇਕੱਠ ਵਿਚੋ ਮੀਟਿੰਗ ਲਗਾ ਕੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।



# ਆਜ਼ਾਦੀ ਦਾ ਅੰਮ੍ਰਿਤ ਮਹੋਤਸਵ ਮਨਾਉਂਦੇ ਹੋਏ 'ਸਵਸਥ ਮਨ ਸਵਸਥ ਘਰ' ਅਧੀਨ ਹੈਲਥ ਐਂਡ ਵੈਲਨੈਸ ਸੈਂਟਰ ਮੁਕੰਦਪੁਰ ਸਟਾਫ਼ ਵੱਲੋਂ ਕੱਢੀ ਗਈ ਸਾਈਕਲ ਰੈਲੀ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸਿਵਲ ਸਰਜਨ ਡਾ. ਦਵਿੰਦਰ ਢਾਂਡਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ ਐਮ ਓ ਡਾ. ਰਵਿੰਦਰ ਸਿੰਘ ਦੀ ਅਗਵਾਈ ਹੇਠ 'ਸਵਸਥ ਮਨ ਸਵਸਥ ਘਰ' ਸਲੋਗਨ ਅਧੀਨ ਹੈਲਥ ਐਂਡ ਵੈਲਨਸ ਸੈਂਟਰ ਮੁਕੰਦਪੁਰ ਸਟਾਫ਼ ਵੱਲੋਂ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਸਾਈਕਲ ਰੈਲੀ ਕੱਢੀ ਗਈ।ਇਸ ਰੈਲੀ ਦਾ ਮਕਸਦ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਤੇ ਗੈਰ ਸੰਚਾਰੀ ਬਿਮਾਰੀਆਂ ਬਾਰੇ ਜਾਣਕਾਰੀ ਦੇਣਾ ਸੀ। ਸੀ ਐਚ ਓ ਸੁਸ਼ਮਿਤਾ ਅਤੇ ਸੋਨੀਆ ਨੇ ਨੈਸ਼ਨਲ ਡੀਵਰਮਿੰਗ ਦਿਵਸ, ਕੈਂਸਰ ਤੇ ਸ਼ੂਗਰ ਬਾਰੇ ਬੱਚਿਆਂ ਤੇ ਲੋਕਾਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕੈਂਸਰ ਕੇਵਲ ਇੱਕ ਸ਼ਬਦ ਹੈ ਸਜ਼ਾ ਨਹੀਂ, ਕੈਂਸਰ ਵਿਰੁੱਧ ਜੰਗ ਵਿਚ ਸਭ ਤੋਂ ਮਹੱਤਵਪੂਰਨ ਹਥਿਆਰ ਬੀਮਾਰੀ ਦੇ ਕਾਰਨਾਂ ਬਾਰੇ ਜਾਗਰੂਕ ਹੋਣਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਮੁੱਖ ਕਾਰਨ ਡੱਬਾ ਬੰਦ ਭੋਜਨ ਦੀ ਵਰਤੋਂ, ਗਰਮ ਭੋਜਨ ਲਈ ਪਲਾਸਟਿਕ ਦੇ ਬਰਤਨਾਂ ਦੀ ਵਰਤੋਂ, ਇਕ ਤੇਲ 'ਚ ਵਾਰ-ਵਾਰ ਤਲਿਆ ਭੋਜਨ ਖਾਣਾ, ਫਸਲਾਂ 'ਤੇ ਕੀਟਨਾਸ਼ਕਾਂ ਦੀ ਵਰਤੋਂ, ਵਾਤਾਵਰਨ ਪ੍ਰਦੂਸ਼ਣ, ਸ਼ਰਾਬ, ਤੰਬਾਕੂ, ਸਿਗਰਟ ਦੀ ਵਰਤੋਂ ਆਦਿ ਨਾਲ ਕੈਂਸਰ ਤੇ ਸ਼ੂਗਰ ਦੀ ਸੰਭਾਵਨਾ ਵਧ ਜਾਂਦੀ ਹੈ।ਇਸ ਮੌਕੇ ਸੀ ਐਚ ਓ ਕਿਰਨ ਅਤੇ ਸਤਵੀਰ ਕੌਰ ਨੇ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਦਿਆਂ ਉਨ੍ਹਾਂ ਨੂੰ ਪੌਸ਼ਟਿਕ ਭੋਜਨ ਖਾਣ ਤੇ ਨਿਰੰਤਰ ਕਸਰਤ ਕਰਨ ਦੀ ਸਲਾਹ ਦਿੱਤੀ। ਇਸ ਮੌਕੇ ਤੇ ਹੈਲਥ ਸੁਪਰਵਾਈਜਰ ਬਲਵੰਤ ਰਾਮ, ਹੈਲਥ ਵਰਕਰ ਸਚਦੀਪ ਸਿੰਘ, ਏ ਐਨ ਐਮ ਚਰਨਜੀਤ ਕੌਰ, ਰਾਜਵਿੰਦਰ ਕੌਰ, ਅਤੇ ਆਸ਼ਾ ਵਰਕਰ ਮੌਜੂਦ ਸਨ।

# ਕੀਰਤਨ ਸਮਾਗਮ ਆਯੋਜਿਤ

## ਭਾਈ ਸੁਖਜੀਤ ਸਿੰਘ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਕੀਤਾ ਨਿਹਾਲ



**ਲੁਧਿਆਣਾ/ਲੋਕ ਬਾਣੀ**

ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਬੀਤੀ ਸ਼ਾਮ ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਦਸ਼ਮੇਸ਼ ਪਿਤਾ ਸ਼ ?ਰੀ ਗੁਰੂ ਗੋਬਿੰਦ ਸਾਹਿਬ ਜੀ ਦੇ ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਆਯੋਜਿਤ ਗਿਆ।ਜਿਸ ਵਿੱਚ ਵਿਸ਼ੇਸ਼ ਤੌਰ ਤੇ ਆਪਣੇ ਕੀਰਤਨੀ ਜੱਥੇ ਸਮੇਤ ਹਾਜ਼ਰੀ ਭਰਨ ਲਈ ਪੁੱਜੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਸੁਖਜੀਤ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼ ?ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਵਲੋਂ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਕੀਰਤਨ ਸਮਾਗਮ ਨੂੰ ਇੱਕ ਉਪਦੇਸ਼ਕ ਸਮਾਗਮ ਦੱਸਦਿਆਂ ਸਮਾਗਮ ਅੰਦਰ ਜੁੜ ਬੈਠੀਆਂ ਸੰਗਤਾਂ ਨੂੰ ਧਰਮ ਦੇ ਮਾਰਗ ਉਪਰ ਚੱਲਣ ,ਬਾਣੀ ਤੇ ਬਾਣੇ ਦੇ ਧਾਰਨੀ ਬਣਨ ਦੀ ਤਾਕੀਦ ਵੀ ਕੀਤੀ। ਕੀਰਤਨ ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ.ਇੰਦਰਜੀਤ ਸਿੰਘ ਮੱਕੜ ,ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਦੇ ਪ੍ਰਮੁੱਖ ਮੈਂਬਰ ਇੰਦਰਬੀਰ ਸਿੰਘ ਬੱਤਰਾ,ਹਰਪਾਲ ਸਿੰਘ ਬੱਤਰਾ,, ਰਵਿੰਦਰਦਰਪਾਲ ਸਿੰਘ ਡੰਗ, ਗੁਰਦੀਪ ਸਿੰਘ ਡੀਮਾਰਟੇ,ਰਜਿੰਦਰ ਸਿੰਘ ਡੰਗ, ਮਨਜੀਤ ਸਿੰਘ ਨਾਟੀ ,ਗੁਰਬਚਨ ਸਿੰਘ, ਹਰਪਾਲ ਸਿੰਘ ਖਾਲਸਾ,ਹਰਪ੍ਰੀਤ ਸਿੰਘ ਨੀਟਾ, ਸ.ਪ੍ਰੇਮ ਸਿੰਘ ,ਅਵਤਾਰ ਸਿੰਘ ਮਿੱਡਾ , ਦਵਿੰਦਰ ਸਿੰਘ ਬਿੱਟੂ ,ਹਰਚਰਨ ਸਿੰਘ ਕਾਲੜਾ,ਕਵੰਲਪ੍ਰੀਤ ਸਿੰਘ ਸੋਢੀ,ਚਰਨਜੀਤ ਸਿੰਘ ਚੰਨਾ, ਇੰਦਰਜੀਤ ਸਿੰਘ ਛਾਬੜਾ, ਵਿਜੈ ਕੁਮਾਰ ਸੂਦ,ਮਹਿੰਦਰ ਸਿੰਘ ਡੰਗ, ਜਗਜੀਤ ਸਿੰਘ ਆਹੂਜਾ, ਜਗਦੇਵ ਸਿੰਘ ਕਲਸੀ, ,ਬਲਜੀਤ ਸਿੰਘ ਬਾਵਾ ,ਅਵਤਾਰ ਸਿੰਘ ਬੀ.ਕੇ,ਪੀ.ਪੀ ਸਿੰਘ ਫੈਮੀਨਾ ਪ੍ਰੈਸ ਵਾਲੇ ਵਿਸ਼ੇਸ਼ ਤੌਰ ਤੇ ਹਾਜਰ ਸਨ ।

# ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਹੱਕੀ ਮੰਗਾਂ ਨੂੰ ਲੈ ਕੇ ਕੀਤੀ ਰੋਸ ਰੈਲੀ, ਸਰਕਾਰ ਨੂੰ ਘੱਲੇ ਮੰਗ ਪੱਤਰ



**ਅੰਮ੍ਰਿਤਸਰ/ਲੋਕ ਬਾਣੀ**

ਪੰਜਾਬ-ਯੂ.ਟੀ. ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਜਿਲਾ ਅੰਮ੍ਰਿਤਸਰ ਵੱਲੋਂ ਸੂਬਾਈ ਫੈਸਲੇ ਮੁਤਾਬਕ ਸਾਂਝੇ ਫਰੰਟ ਦੇ ਜਿਲਾ ਕਨਵੀਨਰਾਂ ਗੁਰਦੀਪ ਸਿੰਘ ਬਾਜਵਾ, ਅਸ਼ਵਨੀ ਅਵਸ਼ਥੀ, ਅਜੇ ਸਨੋਤਰਾ, ਮਦਨ ਗੋਪਾਲ, ਸੁਖਦੇਵ ਸਿੰਘ ਪੰਨੂ, ਕੁਲਦੀਪ ਸਿੰਘ, ਕੰਵਲਜੀਤ ਸਿੰਘ, ਬੋਬਿੰਦਰ ਸਿੰਘ ਅਤੇ ਜੋਗਿੰਦਰ ਸਿੰਘ ਦੀ ਸਾਝੀ ਅਗਵਾਈ ਹੇਠ ਡੀ ਸੀ ਦਫਤਰ ਅੰਮ੍ਰਿਤਸਰ ਦੇ ਸਾਹਮਣੇ ਰੋਸ਼ ਰੈਲੀ ਕੀਤੀ ਗਈ। ਬੁਲਾਰਿਆ ਨੇ ਸੰਬੋਧਨ ਕਰਦਿਆਂ ਕਿਹਾ ਕਿ 19 ਫਰਵਰੀ ਨੂੰ ਚੰਡੀਗੜ ਵਿਖੇ ਪੋਲ ਖੋਲ ਰੈਲੀ ਕੀਤੀ ਜਾ ਰਹੀ ਹੈ।

ਜਿਸ ਵਿੱਚ ਅੰਮ੍ਰਿਤਸਰ ਜਿਲੇ ਵਿੱਚੋਂ ਵੱਢੀ ਪੱਧਰ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਸ਼ਾਮਲ ਹੋਣਗੇ। ਇਸ ਮੌਕੇ ਸੰਬੋਧਨ ਕਰਦਿਆਂ ਸੂਬਾਈ ਕਨਵੀਨਰ ਜਰਮਨਜੀਤ ਛੱਜਲਵੱਡੀ, ਮੱਖਣ ਸਿੰਘ, ਨਰਿੰਦਰ ਸਿੰਘ, ਪਰਮਜੀਤ ਮਾਨ, ਸੁੱਚਾ ਸਿੰਘ ਟਰਪਈ, ਰਛਪਾਲ ਸਿੰਘ ਜੋਧਾਨਗਰੀ, ਮੰਗਲ ਟਾਂਡਾ , ਹਰਦੇਵ ਭਕਨਾ , ਬਲਜਿੰਦਰ ਸਿੰਘ ਵਡਾਲੀ, ਰਣਬੀਰ ਉੱਪਲ , ਸਖਦੇਵ ਰਾਜ ਕਾਲੀਆ ਹਰਪ੍ਰੀਤ ਸੋਹੀਆਂ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਮਾਣਭੱਤਾ ਵਰਕਰਾਂ ਦੀਆਂ ਉਜਰਤਾਂ ਵਿੱਚ ਵਾਧਾ ਕੀਤਾ ਜਾਵੇਗਾ, ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣਗੇ, ਛੇਵੇਂ ਤਨਖਾਹ ਕਮਿਸ਼ਨ ਨੂੰ ਸੋਧ ਕੇ ਮੁਲਾਜ਼ਮ ਤੇ ਪੈਨਸ਼ਨਰ ਪੱਖੀ ਬਣਾਇਆ ਜਾਵੇਗਾ।

ਪੈਨਸ਼ਨਰਾਂ ਦੀ ਪੈਨਸ਼ਨ ਦੁਹਰਾਈ 2.59 ਦੇ ਗੁਣਾਂਕ ਨਾਲ ਕੀਤੀ ਜਾਵੇਗੀ, ਪੇਂਡੂ ਅਤੇ ਬਾਰਡਰ ਏਰੀਆ ਸਮੇਤ ਕੱਟੇ ਗਏ 37 ਪ੍ਰਕਾਰ ਦੇ ਭੱਤੇ ਬਹਾਲ ਕੀਤੇ ਜਾਣਗੇ ,ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇਗੀ, ਪਰਖ ਕਾਲ ਸੰਬੰਧੀ 15-01-2015 ਦਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇਗਾ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਵੀ ਪੰਜਾਬ ਦੇ ਸਕੇਲ ਲਾਗੂ ਕੀਤੇ ਜਾਣਗੇ, ਅਤੇ ਏ.ਸੀ.ਪੀ. ਸਕੀਮ ਬਹਾਲ ਕੀਤੀ ਜਾਵੇਗੀ। ਪ੍ਰੰਤੂ ਅਜੇ ਤੱਕ ਇਹ ਸਾਰੇ ਮਾਮਲੇ ਜਿਉਂ ਦੇ ਤਿਉਂ ਖੜੇ ਹਨ, ਜਿਸ ਕਾਰਨ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ, ਕੱਚੇ ਮੁਲਾਜ਼ਮਾਂ ਅਤੇ ਮਾਣਭੱਤਾ ਵਰਕਰਾਂ ਵਿੱਚ ਪੰਜਾਬ ਸਰਕਾਰ ਦੇ ਖਿਲਾਫ ਰੋਸ ਅਤੇ ਗੁੱਸਾ ਹੈ। ਉਹਨਾ ਨੇ ਕਿਹਾ ਕਿ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ 01-01-2016 ਤੋਂ ਪੈਨਸ਼ਨਰਾਂ ਲਈ 113% ਡੀ.ਏ. ਦੀ ਬਜਾਏ 119% ਡੀ.ਏ. ਨੂੰ ਅਧਾਰ ਮੰਨ ਕੇ ਪੈਨਸ਼ਨ ਦੁਹਰਾਈ ਕਰਨ ਦੇ ਫੈਸਲੇ ਨੂੰ ਜਨਰਲਾਈਜ਼ ਕਰਕੇ ਸਮੂੰਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ 'ਤੇ ਤੁਰੰਤ ਲਾਗੂ ਕਰਨਾ ਬਣਦਾ ਹੈ ਜਦਕਿ ਸਾਂਝੇ ਫਰੰਟ ਵੱਲੋਂ ਛੇਵਾਂ ਤਨਖਾਹ ਕਮਿਸ਼ਨ ਲਾਗੂ ਕਰਨ ਲਈ 01-01-2016 ਨੂੰ 125% ਡੀ.ਏ. ਨੂੰ ਅਧਾਰ ਬਣਾ ਕੇ ਗੁਣਾਂਕ ਤਹਿ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਸ ਮੌਕੇ ਹੋਰਨਾ ਤੋਂ ਇਲਾਵਾ, ਪ੍ਰੇਮ ਚੰਦ ਅਜਾਦ, ਗੁਰਬਿੰਦਰ ਸਿੰਘ ਖਹਿਰਾ, ਬਲਬੀਰ ਸਿੰਘ ਢਿਲੋਂ, ਇੰਦਰਜੀਤ ਰਿਸ਼ੀ, ਬਲਦੇਵ ਸਿੰਘ ਲੁਹਾਰਕਾ, ਅਵਤਾਰਜੀਤ ਸਿੰਘ, ਰਾਜੇਸ਼ ਪ੍ਰਾਸ਼ਰ, ਸਤਨਾਮ ਸਿੰਘ ਜੱਸੜ, ਸਰਬਜੀਤ ਕੌਰ ਛੱਜਲਵੱਡੀ, ਸਰਬਜੀਤ ਭੋਰਸ਼ੀ ਨੇ ਸੰਬੋਧਨ ਕੀਤਾ।

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜ੍ਹਤਾਲ, ਪੁਸ਼ਟੀ ਕਰ ਲੈਣ। ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸੰਬਧਤ ਪੱਤਰਕਾਰ ਦੀ ਹੋਵੇਗੀ।

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਪੰਜਾਬ 'ਚ ਹੁਣ ਆਨਲਾਈਨ ਮਿਲ ਸਕੇਗਾ ਮੋਟਰ ਗੱਡੀਆਂ ਦਾ ਫਿਟਨੈੱਸ ਸਰਟੀਫਿਕੇਟ

**ਚੰਡੀਗੜ/ਵਿਨੋਦ ਸ਼ਰਮਾ**

ਇਕ ਵੱਡੇ ਨਾਗਰਿਕ ਪੱਖੀ ਫੈਸਲੇ 'ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਟਰਾਂਸਪੋਰਟ ਵਿਭਾਗ ਅਤੇ ਐਨ.ਆਈ.ਸੀ. ਵੱਲੋਂ ਲੋਕਾਂ ਨੂੰ ਵਾਹਨਾਂ ਦੇ ਫਿਟਨੈੱਸ ਸਰਟੀਫਿਕੇਟ ਆਨਲਾਈਨ ਮੁਹੱਈਆ ਕਰਨ ਲਈ ਵਿਕਸਤ ਐਪ ਲਾਂਚ ਕੀਤੀ।



ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਲੋਕਾਂ ਨੂੰ ਮੋਬਾਈਲ ਦੀ ਇਕ ਕਲਿੱਕ ਰਾਹੀਂ ਫਿਟਨੈੱਸ ਸਰਟੀਫਿਕੇਟ ਉਨਾਂ ਦੇ ਘਰਾਂ ਵਿੱਚ ਹੀ ਮੁਹੱਈਆ ਕਰਵਾਇਆ ਜਾ ਸਕੇਗਾ।

ਉਨਾਂ ਕਿਹਾ ਕਿ ਇਸ ਲੋਕ-ਪੱਖੀ ਪਹਿਲਕਦਮੀ ਦਾ ਉਦੇਸ਼ ਲੋਕਾਂ ਨੂੰ ਅਸੁਵਿਧਾ ਤੋਂ ਬਚਾਉਣਾ ਅਤੇ ਫਿਟਨੈੱਸ ਸਰਟੀਫਿਕੇਟ ਦੀ ਨਿਰਵਿਘਨ ਅਤੇ ਮੁਸ਼ਕਲ ਰਹਿਤ ਡਿਲੀਵਰੀ ਯਕੀਨੀ ਬਣਾਉਣਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਇਕ ਕ੍ਰਾਂਤੀਕਾਰੀ ਕਦਮ ਹੈ, ਜਿਸ ਨਾਲ ਲੋਕਾਂ ਨੂੰ ਵੱਡੀ ਪੱਧਰ 'ਤੇ ਸਹੂਲਤ ਮਿਲੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਪਹਿਲਕਦਮੀ ਨਾਲ ਲੋਕਾਂ ਦੀ ਸਹੂਲਤ ਲਈ ਸਿਸਟਮ ਵਿੱਚ ਕਿਤੇ ਜ਼ਿਆਦਾ ਪਾਰਦਰਸ਼ਤਾ ਆਵੇਗੀ।

ਉਨਾਂ ਦੱਸਿਆ ਕਿ ਇਸ ਐਪ ਰਾਹੀਂ ਲੋਕ ਫਿਟਨੈੱਸ ਸਰਟੀਫਿਕੇਟ ਪ੍ਰਾਪਤ ਕਰਨ ਦੀ ਫੀਸ ਆਨਲਾਈਨ ਅਦਾ ਕਰ ਸਕਦੇ ਹਨ। ਭਗਵੰਤ ਮਾਨ ਨੇ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਉਨਾਂ ਦੀ ਸਹੂਲਤ ਅਨੁਸਾਰ ਆਨਲਾਈਨ ਅਪਾਇੰਟਮੈਂਟ ਦੀ ਸਹੂਲਤ ਵੀ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਬਿਨੈਕਾਰ ਵੱਲੋਂ ਦਸਤਾਵੇਜ਼ ਨੂੰ ਵਾਹਨ ਮੋਡੀਊਲ ਉਤੇ ਅਪਲੋਡ ਕੀਤਾ ਜਾਵੇਗਾ। ਉਨਾਂ ਕਿਹਾ ਕਿ ਆਰ.ਟੀ.ਓ. ਸਟਾਫ਼ ਵੱਲੋਂ ਦਸਤਾਵੇਜ਼ਾਂ ਦੀ ਪੜਤਾਲ ਕੀਤੀ ਜਾਵੇਗੀ ਅਤੇ ਵਾਹਨਾਂ ਦੀ ਜਾਂਚ ਐਮ.ਵੀ.ਆਈ. ਵੱਲੋਂ ਆਨਲਾਈਨ ਕੀਤੀ ਜਾਵੇਗੀ। ਭਗਵੰਤ ਮਾਨ ਨੇ ਦੱਸਿਆ ਕਿ ਇਹ ਐਪ ਲੋਕਾਂ ਦੀ ਸਹੂਲਤ ਲਈ ਟਰਾਂਸਪੋਰਟ ਵਿਭਾਗ ਅਤੇ ਐਨ.ਆਈ.ਸੀ. ਵੱਲੋਂ ਸਾਂਝੇ ਤੌਰ 'ਤੇ ਤਿਆਰ ਕੀਤੀ ਗਈ ਹੈ।

# ਮੁਹੱਲਾ ਕਲੀਨਿਕ ਤੋਂ ਭਗਵੰਤ ਮਾਨ ਦੀ ਫ਼ੋਟੋ ਚੋਰੀ

**ਚੰਡੀਗੜ/ਵਿਨੋਦ ਸ਼ਰਮਾ**

ਬੇਸ਼ੱਕ ਪੰਜਾਬ ਦੇ ਅੰਦਰ ਮਾਨ ਸਰਕਾਰ ਨੇ 500 ਦੇ ਕਰੀਬ ਮੁਹੱਲਾ ਕਲੀਨਿਕ ਖੋਲ ਕੇ ਆਪਣਾ ਵਾਅਦਾ ਪੂਰਾ ਕਰ ਦਿੱਤਾ ਹੈ। ਪਰ ਦੂਜੇ ਪਾਸੇ ਉਕਤ ਮੁਹੱਲਾ ਕਲੀਨਿਕਾਂ ਤੇ ਹੋ ਰਹੇ ਖ਼ਰਚੇ ਅਤੇ ਹਸਪਤਾਲਾਂ ਵਿਚ ਡਾਕਟਰਾਂ ਦੀ ਘਾਟ ਕਾਰਨ ਸਰਕਾਰ ਵਿਵਾਦਾਂ ਵਿਚ ਵੀ ਘਿਰੀ ਹੋਈ ਹੈ। ਦਰਅਸਲ, ਹੁਣ ਮੁਹੱਲਾ ਕਲੀਨਿਕਾਂ ਦੇ ਨਾਲ ਜੁੜਿਆ ਨਵਾਂ ਮਾਮਲਾ ਸਾਹਮਣੇ ਆਇਆ ਹੈ।

ਬਟਾਲਾ ਦੇ ਪਿੰਡ ਮਸਾਣੀਆਂ ਵਿਚ ਮੁਹੱਲਾ ਕਲੀਨਿਕ ਤੋਂ ਸੀਐਮ ਭਗਵੰਤ ਮਾਨ ਦੀ ਤਸਵੀਰ ਚੋਰੀ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ।

ਹਾਲਾਂਕਿ ਇਹ ਫ਼ੋਟੋ ਕਿਸ ਨੇ ਚੋਰੀ ਕੀਤੀ, ਇਸ ਬਾਰੇ ਪੁਲਿਸ ਪਤਾ ਲਗਾਉਣ ਦੀ ਕੋਸਿਸ਼ ਕਰ ਰਹੀ ਹੈ, ਪਰ ਦੂਜੇ ਪਾਸੇ ਪੁਲਿਸ ਪ੍ਰਸਾਸ਼ਨ ਤੇ ਸਵਾਲ ਉੱਠ ਰਹੇ ਹਨ ਕਿ, ਆਖ਼ਰ ਮੁਹੱਲਾ ਕਲੀਨਿਕ ਦੇ ਵਿਚੋਂ ਕਿਵੇਂ ਤਸਵੀਰ ਚੋਰੀ ਹੋ ਗਈ? ਇੱਕ ਲੇਡੀ ਡਾਕਟਰ ਜਸਵੀਰ ਕੌਰ ਗਿੱਲ ਵਲੋਂ ਮੀਡੀਆ ਨੂੰ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਿਕ, ਜਦ ਉਹ ਸਵੇਰੇ ਡਿਊਟੀ ਤੇ ਆਏ ਤਾਂ, ਦੇਖਿਆ ਕਿ ਮੁਹੱਲਾ ਕਲੀਨਿਕ ਦੇ ਲੱਗੇ ਬੋਰਡ ਇਮਾਰਤ ਤੋਂ ਸੀਐਮ ਭਗਵੰਤ ਮਾਨ ਦੀ ਤਸਵੀਰ ਗਾਇਬ ਸੀ ਅਤੇ ਸ਼ੀਸ਼ੇ ਵੀ ਕਲੀਨਿਕ ਦੇ ਟੁੱਟੇ ਹੋਏ ਸਨ।

ਡਾਕਟਰ ਨੇ ਦੱਸਿਆ ਕਿ, ਉਨਾਂ ਵਲੋਂ ਉਕਤ ਘਟਨਾ ਬਾਰੇ ਪੁਲਿਸ ਅਧਿਕਾਰੀਆਂ ਤੇ ਹੋਰਨਾਂ ਉੱਚ ਅਫ਼ਸਰਾਨ ਨੂੰ ਸੂਚਿਤ ਕਰ ਦਿੱਤਾ ਗਿਆ ਹੈ।


ਮੁਹੱਲਾ ਕਲੀਨਿਕ ਦੇ ਸਟਾਫ਼ ਨੇ ਮੰਗ ਕੀਤੀ ਕਿ, ਰਾਤ ਵੇਲੇ ਮੁਹੱਲਾ ਕਲੀਨਿਕ ਵਿਚ ਚੌਂਕੀਦਾਰ ਤਾਇਨਾਤ ਕੀਤਾ ਜਾਵੇ ਅਤੇ ਮੁਹੱਲਾ ਕਲੀਨਿਕਾਂ ਦੀ ਸੁਰੱਖਿਆ ਵਧਾਈ ਜਾਵੇ ਤਾਂ, ਜੋ ਕੋਈ ਗਲਤ ਅਨਸਰ ਅਜਿਹੀ ਹਰਕਤ ਅੱਗੇ ਤੋਂ ਨਾ ਕਰ ਸਕੇ।

ਦੂਜੇ ਪਾਸੇ, ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ, ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

# ਸਕੂਲਾਂ-ਕਾਲਜਾਂ 'ਚ 18 ਫਰਵਰੀ ਦੀ ਛੁੱਟੀ ਦਾ ਐਲਾਨ

**ਚੰਡੀਗੜ/ ਵਿਨੋਦ ਸ਼ਰਮਾ**

ਚੰਡੀਗੜ ਦੇ ਸਰਕਾਰੀ ਤੇ ਨਿੱਜੀ ਅਦਾਰਿਆਂ ਦੇ ਵਿਚ 18 ਫਰਵਰੀ ਦੀ ਛੁੱਟੀ ਦਾ ਯੂ.ਟੀ. ਪ੍ਰਸ਼ਾਸਨ ਦੇ ਵਲੋਂ ਐਲਾਨ ਕੀਤਾ ਗਿਆ ਹੈ। ਇਸ ਦਿਨ ਸਕੂਲ ਕਾਲਜ ਬੰਦ ਰਹਿਣਗੇ।



**Chandigarh Administration**
**Home Department**
**Notification**

Chandigarh, dated the 15-2-23

**No.6/1/1-IH(I)-2023/** 2192 In partial modification of this Administration's Notification No. 6/1/1-IH(I)-2022/19921-19928, dated 16.12.2022 regarding declaring of Public Holidays under the Negotiable Instrument Act, 1881, in the Union Territory of Chandigarh during the calendar year 2023, **the 18th February, 2023 (Saturday)** will now be observed as Public Holiday within the meaning of Section 25 of the Negotiable Instrument Act, 1881, on account of **Maha Shivratri.**

Chandigarh, dated the 14th February, 2023

Nitin Kumar Yadav, IAS,
Home Secretary,
Chandigarh Administration

Endst.No. 6/1/1-IH(I)-2023/ 2193 dated, the 15-2-23

A copy is forwarded to the Deputy Secretary to the Govt. of India, Cabinet Secretariat, (Department of Personnel and Administrative Reforms), New Delhi, for information.

Superintendent Coordination,
for Home Secretary,
Chandigarh Administration.

# ਪੰਜਾਬ ਦੇ 3 ਹੋਰ ਟੌਲ ਪਲਾਜ਼ੇ ਪੱਕੇ ਤੌਰ 'ਤੇ ਹੋਏ ਬੰਦ, ਲੱਖਾਂ ਲੋਕਾਂ ਨੂੰ ਮਿਲੀ ਰਾਹਤ

**ਚੰਡੀਗੜ/ਵਿਨੋਦ ਸ਼ਰਮਾ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਵਲੋਂ ਹੁਸ਼ਿਆਰਪੁਰ ਅਧੀਨ ਪੈਂਦੇ 3 ਹੋਰ ਟੌਲ ਪਲਾਜ਼ੇ ਪੱਕੇ ਤੌਰ ਤੇ ਬੰਦ ਕਰਵਾ ਦਿੱਤੇ ਗਏ ਹਨ।ਦੱਸ ਦਈਏ ਕਿ ਦਸੂਹਾ ਤੋਂ ਲੈ ਕੇ ਬਲਾਚੌਰ ਤੱਕ ਦੇ ਤਿੰਨ ਵੱਡੇ ਟੋਲ ਪਲਾਜ਼ੇ ਲੰਘੀ ਰਾਤ 12 ਵਜੇ ਤੋਂ ਬੰਦ ਹੋ ਗਏ ਹਨ। ਇਨਾਂ ਟੌਲ ਪਲਾਜਿਆਂ ਦਾ ਸਮਾਂ 14 ਫਰਵਰੀ 2023 ਤੱਕ ਦਾ ਸੀ। ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਇਸ ਸਬੰਧੀ ਟੋਲ ਨੇੜੇ ਨੋਟਿਸ ਬੋਰਡ ਵੀ ਬੀਤੇ ਦਿਨ ਲਗਾ ਦਿੱਤਾ ਗਿਆ ਸੀ। ਉਕਤ ਟੋਲ ਪਲਾਜ਼ਾ ਕਰੀਬ 16 ਸਾਲ ਪਹਿਲਾਂ ਮਾਰਚ 2007 ਵਿਚ ਚਾਲੂ ਹੋਇਆ



# ਪੰਜਾਬ ਦੇ 8 ਜਿਲਿਆਂ ਨੂੰ ਮਿਲੇ ਨਵੇਂ ਐਸਐਸਪੀਜ਼

**ਚੰਡੀਗੜ/ਵਿਨੋਦ ਸ਼ਰਮਾ**

ਪੰਜਾਬ ਸਰਕਾਰ ਦੇ ਵਲੋਂ 13 ਆਈਪੀਐਸ ਤੇ ਪੀਪੀਐਸ ਅਫ਼ਸਰਾਂ ਦਾ ਤਬਾਦਲਾ ਕੀਤਾ ਗਿਆ ਹੈ। ਇਨਾਂ ਤਬਾਦਲਿਆਂ ਦੀ ਲਿਸਟ ਵਿਚ 10 ਐਸਐਸਪੀ ਦੇ ਨਾਮ ਵੀ ਸ਼ਾਮਲ ਹਨ। ਇਸ ਦੇ ਨਾਲ ਪੰਜਾਬ ਦੇ 10 ਜ਼ਿਲਿਆਂ ਨੂੰ ਨਵੇਂ ਐਸਐਸਪੀ ਮਿਲੇ ਹਨ।

